ਸਾਲ - 2022-23.

ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ

# ਗ੍ਰਹਿ ਵਿਗਿਆਨ

## ਜਮਾਤ ਦਸਵੀਂ

| ਪ੍ਰਸ਼ਨ ਨੰ. | ਪਾਠ-1(ਗ੍ਰਹਿ ਵਿਵਸਥਾ ਅਤੇ ਚੰਗਾ ਪ੍ਰਬੰਧਕ)<br>ਵਸਤੂਨਿਸ਼ਟ ਪ੍ਰਸ਼ਨ<br>ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ<br>ਭਾਗ-ੳ |
|---|---|
| 1 | ਮਕਾਨ ਤੋਂ ਕੀ ਭਾਵ ਹੈ?<br>ਉੱਤਰ : ਮਕਾਨ ਇੱਟਾਂ, ਪੱਥਰਾਂ ਤੇ ਸੀਮਿੰਟ ਤੋਂ ਬਣੀ ਇਮਾਰਤ ਹੈ। |
| 2 | ਘਰ ਤੋਂ ਕੀ ਭਾਵ ਹੈ?<br>ਉੱਤਰ : ਘਰ ਇੱਕ ਅਜਿਹੀ ਇਕਾਈ ਹੈ ਜਿੱਥੇ ਸਾਰੇ ਮੈਂਬਰ ਰਲ਼ ਮਿਲ਼ ਕੇ ਪਿਆਰ ਨਾਲ ਰਹਿੰਦੇ ਹਨ। |
| 3 | ਮਨੁੱਖ ਨੂੰ ਮਕਾਨ ਦੀ ਲੋੜ ਕਿਉਂ ਪੈਂਦੀ ਹੈ?<br>ਉੱਤਰ :ਮਨੁੱਖ ਨੂੰ ਮਕਾਨ ਦੀ ਜ਼ਰੂਰਤ ਸੁਰੱਖਿਆ ਲਈ ਹੁੰਦੀ ਹੈ। |
| 4 | ਮਕਾਨ ਨੂੰ ਘਰ ਵਿੱਚ ਬਦਲਣ ਲਈ ਕਿਸ ਚੀਜ਼ ਦੀ ਲੋੜ ਹੈ?<br>ਉੱਤਰ :ਚੰਗੀ ਵਿਵਸਥਾ ਜਾਂ ਪ੍ਰਬੰਧ ਰੂਪੀ ਔਜਾਰ ਦੀ। |
| 5 | ਗ੍ਰਹਿ ਵਿਗਿਆਨ ਦੇ ਮਨੁੱਖੀ ਸਾਧਨ ਕਿਹੜੇ ਹਨ?<br>ਉੱਤਰ :ਗਿਆਨ, ਰੁੱਚੀ, ਸ਼ਕਤੀ ਅਤੇ ਕੁਸ਼ਲਤਾ। |
| 6 | ਗ੍ਰਹਿ ਵਿਵਸਥਾ ਦਾ ਮੁੱਖ ਉਦੇਸ਼ ਕੀ ਹੈ?<br>ਉੱਤਰ :ਘਰ ਨੂੰ ਖੁਸ਼ਹਾਲ ਬਣਾਉਣਾ। |
| 7 | ਗ੍ਰਹਿ ਵਿਗਿਆਨ ਦੇ ਭੌਤਿਕ ਸਾਧਨ ਕਿਹੜੇ ਹਨ?<br>ਉੱਤਰ :ਸਮਾਂ, ਵਸਤੂ, ਧਨ, ਜਾਇਦਾਦ ਅਤੇ ਸਮੁਦਾਇਕ ਸਹੂਲਤਾਂ। |
| 8 | ਕਿਸੇ ਘਰ ਦੀ ਖੁਸ਼ੀ , ਘਰ ਦੇ ਜੀਆਂ ਦੀ ਸਿਹਤ ਅਤੇ ਅਰਾਮ ਕਿਸ ਤੇ ਨਿਰਭਰ ਕਰਦਾ ਹੈ?<br>ਉੱਤਰ :ਘਰ ਦੀ ਗ੍ਰਹਿਣੀ ਉੱਤੇ। |
| 9 | ਛੋਟੇ ਅਰਸੇ ਦੇ ਟੀਚੇ ਦੀ ਉਦਾਹਰਣ ਦਿਉ। |



Manpreet Kaur
Ramandeep Kaur
(Co-coordinator)
6/9/22

| | |
|---|---|
| | ਉੱਤਰ :ਬੱਚੇ ਨੂੰ ਸਕੂਲ ਭੇਜਣਾ। |
| 10 | ਲੰਬੇ ਅਰਸੇ ਦੀ ਟੀਚੇ ਦੀ ਉਦਾਹਰਣ ਦਿਉ।<br>ਉੱਤਰ :ਮਕਾਨ ਬਣਾਉਣਾ। |
| 11 | ਸ਼ਕਤੀ ਕਿਹੜਾ ਸਾਧਨ ਹੈ?<br>ਉੱਤਰ :ਮਨੁੱਖੀ ਸਾਧਨ। |
| 12 | ਟੀਚਿਆਂ ਨੂੰ ਕਿਸਮ ਦੇ ਅਨੁਸਾਰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਦੋ ਭਾਗਾਂ ਵਿੱਚ (1) ਵਿਅਕਤੀਗਤ ਟੀਚੇ (2) ਪਰਿਵਾਰਿਕ ਟੀਚੇ। |
| 13 | ਸਮੇਂ ਅਨੁਸਾਰ ਟੀਚਿਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਦੋ ਭਾਗਾਂ ਵਿੱਚ: (1) ਛੋਟੇ ਅਰਸੇ ਦੇ ਟੀਚੇ (2) ਲੰਬੇ ਅਰਸੇ ਦੇ ਟੀਚੇ। |
| 14 | ਘਰ ਦੀ ਨਿਰਮਾਤਾ ਕਿਸ ਨੂੰ ਕਿਹਾ ਜਾਂਦਾ ਹੈ?<br>ਉੱਤਰ :ਗ੍ਰਹਿਣੀ ਨੂੰ |
| 15 | ਬੱਚੇ ਦੇ ਜੀਵਨ ਉੱਤੇ ਸਭ ਤੋਂ ਵੱਧ ਅਸਰ ਕਿਸ ਦਾ ਪੈਂਦਾ ਹੈ?<br>ਉੱਤਰ :ਮਾਂ ਦਾ। |
| | ਖਾਲੀ ਸਥਾਨ ਭਰੋ: |
| 16 | ਘਰ, ਮਨੁੱਖ ਦੀਆਂ ਮੁੱਢਲੀਆਂ ---------------- ਵਿੱਚੋਂ ਇੱਕ ਮਹੱਤਵਪੂਰਨ ਲੋੜ ਹੈ।<br>ਉੱਤਰ :ਲੋੜਾਂ |
| 17 | ਗ੍ਰਹਿ ਵਿਵਸਥਾ ---------------- ਦਾ ਆਧਾਰ ਹੈ।<br>ਉੱਤਰ :ਗ੍ਰਹਿ ਵਿਗਿਆਨ |
| 18 | ਚੰਗੀ ਗ੍ਰਹਿ ਵਿਵਸਥਾ ਦਾ ਮੁੱਖ ਮਕੱਸਦ ---------------- ਦੀ ਪੂਰਤੀ ਕਰਨਾ ਹੈ।<br>ਉੱਤਰ : ਟੀਚਿਆਂ |
| 19 | ਪਰਿਵਾਰ ਦੇ ਸਾਧਨਾਂ ਨੂੰ ਮੁੱਖ----------------ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ।<br>ਉੱਤਰ : ਦੋ |
| 20 | ਹਰ ਇੱਕ ਗ੍ਰਹਿਣੀ ਨੂੰ ---------------- ਪਕਾਉਣਾ ਆਉਣਾ ਚਾਹੀਦਾ ਹੈ।<br>ਉੱਤਰ ਚੰਗਾ ਖਾਣਾ |

| | |
|---|---|
| 21 | ਸਮਾਂ ਇੱਕ ----------------ਸਾਧਨ ਹੈ।<br>ਉੱਤਰ :ਸੀਮਿਤ |
| 22 | ਇੱਕ ਚੰਗੀ ਗ੍ਰਹਿਣੀ ਵਿੱਚ ਦਾ ਹੋਣਾ ਬਹੁਤ ਜ਼ਰੂਰੀ ਹੈ।<br>ਉੱਤਰ :ਸਹਿਣਸ਼ੀਲਤਾ |
| | ਸਹੀ ਗਲਤ ਦੱਸੋ |
| 23 | ਗ੍ਰਹਿ ਵਿਵਸਥਾ ਇੱਕ ਕਲਾ ਹੈ।<br>ਉੱਤਰ : ਸਹੀ |
| 24 | ਘਰ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਵਿੱਚ ਆਉਂਦਾ ਹੈ।<br>ਉੱਤਰ :ਸਹੀ |
| 25 | ਪਰਿਵਾਰਿਕ ਜੀਵਨ ਲਈ ਸਫਾਈ ਅਤੇ ਸੰਭਾਲ ਦਾ ਕੋਈ ਖਾਸ ਮਹੱਤਵ ਨਹੀਂ ਹੈ।<br>ਉੱਤਰ :ਗਲਤ |
| 26 | ਪਰਿਵਾਰ ਦੇ ਸਾਧਨ ਅਤੇ ਆਮਦਨੀ ਸੀਮਿਤ ਹੁੰਦੇ ਹਨ ਪਰ ਲੋੜਾਂ ਅਸੀਮਿਤ ਹੁੰਦੀਆਂ ਹਨ।<br>ਉੱਤਰ :ਸਹੀ |
| 27 | ਪੈਸਾ (ਧਨ) ਮਨੁੱਖੀ ਸਾਧਨ ਹੈ।<br>ਉੱਤਰ : ਗਲਤ। |
| | ਬਹੁ ਚੋਣਵੇਂ ਪ੍ਰਸ਼ਨ |
| 28 | ਪਰਿਵਾਰਿਕ ਸੁੱਖ ਸ਼ਾਂਤੀ ਤੇ ਖੁਸ਼ਹਾਲੀ ਦਾ ਮੂਲ ਅਧਾਰ ਹੈ:<br>(1)ਸਮੁੱਚੀ ਸਫਾਈ (2) ਸਮੁੱਚਾ ਗ੍ਰਹਿ ਪ੍ਰਬੰਧ (3) ਉੱਚਾ ਰਹਿਣ ਸਹਿਣ<br>ਉੱਤਰ : ਸਮੁੱਚਾ ਗ੍ਰਹਿ ਪ੍ਰਬੰਧ। |
| 29 | ਮਨੁੱਖ ਦੀਆਂ ਮੁੱਢਲੀਆਂ ਲੋੜਾਂ ਵਿੱਚੋਂ ਇੱਕ ਮਹੱਤਵਪੂਰਨ ਲੋੜ ਹੈ:<br>(1)ਸਮਾਜ (2) ਘਰ (3) ਸਕੂਲ<br>ਉੱਤਰ : ਘਰ |
| 30 | ਭੌਤਿਕ ਸਾਧਨ ਹਨ:<br>(1)ਪੈਸਾ (2) ਜਾਇਦਾਦ (3) ਘਰ ਦਾ ਸਮਾਨ (4) ਉਪਰੋਕਤ ਸਾਰੇ<br>ਉੱਤਰ :ਉਪਰੋਕਤ ਸਾਰੇ |



Ramandeep Kaur
Manpreet Kaur

| | ਪਾਠ-2 (ਘਰ)<br>**ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ** |
|---|---|
| 31 | ਆਮਦਨ ਅਨੁਸਾਰ ਭਾਰਤੀ ਘਰਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਤਿੰਨ ਭਾਗਾਂ ਵਿੱਚ। |
| 32 | ਮੱਧ ਵਰਗ ਦੇ ਲੋਕਾਂ ਦੇ ਘਰਾਂ ਵਿੱਚ ਕਿੰਨੇ ਕਮਰੇ ਹੁੰਦੇ ਹਨ?<br>ਉੱਤਰ :ਘੱਟੋ-ਘੱਟ ਤਿੰਨ ਜਾਂ ਇਸ ਤੋਂ ਵੱਧ ਕਮਰੇ ਹੁੰਦੇ ਹਨ। |
| 33 | ਘੱਟ ਆਮਦਨ ਵਾਲਿਆਂ ਦੇ ਘਰਾਂ ਵਿੱਚ ਕਿੰਨੇ ਕਮਰੇ ਹੁੰਦੇ ਹਨ।<br>ਉੱਤਰ :ਇੱਕ ਜਾਂ ਦੋ ਕਮਰੇ। |
| 34 | ਘਰ ਬਣਾਉਣ ਲਈ ਸਭ ਤੋਂ ਮਹੱਤਵਪੂਰਨ ਕੀ ਹੈ?<br>ਉੱਤਰ :ਜਗ੍ਹਾ ਦੀ ਚੋਣ |
| 35 | ਘਰ ਵਿੱਚ ਖਿੜਕੀਆਂ ਅਤੇ ਰੋਸ਼ਨਦਾਨ ਕਿਉਂ ਰੱਖੇ ਜਾਂਦੇ ਹਨ?<br>ਉੱਤਰ :ਤਾਂ ਕਿ ਚੰਗੀ ਹਵਾ ਆ ਸਕੇ। |
| 36 | ਘਰ ਬਣਾਉਣ ਲਈ ਕਰਜ਼ ਲੈਣ ਲਈ ਕਿਹੜੀਆਂ ਏਜੰਸੀਆਂ ਹਨ?<br>ਉੱਤਰ :ਬੈਂਕ, ਸਰਕਾਰੀ ਸੋਸਾਇਟੀਆਂ, ਟਰੱਸਟ, ਲਾਈਫ਼ ਇੰਸ਼ੋਰੈਂਸ ਕੰਪਨੀਆਂ। |
| 37 | ਘਰ ਬਣਾਉਣ ਵੇਲੇ ਅਸਰ ਪਾਉਣ ਵਾਲੇ ਦੋ ਕਾਰਕ ਕਿਹੜੇ ਹਨ?<br>ਉੱਤਰ :ਮਾਲੀ ਹਾਲਤ (ਆਰਥਿਕ), ਵਿਅਕਤੀ ਦਾ ਪੇਸ਼ਾ। |
| 38 | ਕੰਮ ਦੇ ਅਧਾਰ ਤੇ ਘਰ ਨੂੰ ਕਿਹੜੇ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਇਕਾਂਤ ਦਾ ਖੇਤਰ, ਕੰਮ ਕਰਨ ਵਾਲਾ ਖੇਤਰ, ਦਿਲ ਪਰਚਾਵੇ ਵਾਲਾ ਖੇਤਰ। |
| 39 | ਆਪਣਾ ਘਰ ਬਣਾਉਣ ਦਾ ਇੱਕ ਲਾਭ ਦੱਸੋ।<br>ਉੱਤਰ :ਘਰ ਪੱਕੀ ਜਾਇਦਾਦ ਹੁੰਦੀ ਹੈ ਜਿਸ ਦੀ ਕੀਮਤ ਵੱਧਦੀ ਰਹਿੰਦੀ ਹੈ। |
| 40 | ਆਪਣਾ ਘਰ ਬਣਾਉਣ ਦਾ ਇੱਕ ਨੁਕਸਾਨ ਦੱਸੋ।<br>ਉੱਤਰ :ਆਪਣੇ ਘਰ ਦੇ ਕਈ ਤਰ੍ਹਾਂ ਦੇ ਟੈਕਸ ਦੇਣੇ ਪੈਂਦੇ ਹਨ। |
| 41 | ਬੈਠਕ ਦਾ ਆਕਾਰ ਘੱਟ ਤੋਂ ਘੱਟ ਕਿੰਨਾ ਹੋਣਾ ਚਾਹੀਦਾ ਹੈ?<br>ਉੱਤਰ :ਘੱਟ ਤੋਂ ਘੱਟ 15’×12’ਹੋਣਾ ਚਾਹੀਦਾ ਹੈ। |

| | |
|---|---|
| 42 | ਘਰ ਵਿੱਚ ਸਟੋਰ ਦਾ ਆਕਾਰ ਕਿੰਨਾ ਹੋਣਾ ਚਾਹੀਦਾ ਹੈ?<br>ਉੱਤਰ :10'×6' ਹੋਣਾ ਚਾਹੀਦਾ ਹੈ। |
| 43 | ਸੌਣ ਦੇ ਕਮਰੇ ਦਾ ਰੁੱਖ ਜਾਂ ਮੂੰਹ ਕਿਸ ਦਿਸ਼ਾ ਵੱਲੋਂ ਹੋਣਾ ਚਾਹੀਦਾ ਹੈ।<br>ਉੱਤਰ: ਪੂਰਵ ਵੱਲ। |
| 44 | ਰਸੋਈ ਦਾ ਘੱਟੋ-ਘੱਟ ਆਕਾਰ ਕਿੰਨਾ ਹੋਣਾ ਚਾਹੀਦਾ ਹੈ।<br>ਉੱਤਰ :80 ਵਰਗ ਫੁੱਟ। |
| 45 | ਸਰਕਾਰੀ ਮੁਲਾਜ਼ਮ ਕਿੱਥੋਂ ਕਰਜ਼ਾ ਲੈ ਸਕਦੇ ਹਨ?<br>ਉੱਤਰ :ਸਰਕਾਰ ਤੋਂ ਆਪਣੇ ਪ੍ਰੋਵੀਡੈਂਟ ਫੰਡ ਵਿੱਚੋਂ ਅਤੇ ਬੈਂਕ ਤੋਂ |
| 46 | ਘਰ ਦੇ ਨੇੜੇ ਕੀ ਹੋਣਾ ਚਾਹੀਦਾ ਹੈ?<br>ਉੱਤਰ :ਸਕੂਲ, ਧਾਰਮਿਕ ਸਥਾਨ ਅਤੇ ਮਨਪਰਚਾਵੇ ਦੀਆਂ ਥਾਵਾਂ |
| 47 | ਘਰ ਦੇ ਨੇੜੇ ਕੀ ਨਹੀਂ ਹੋਣਾ ਚਾਹੀਦਾ।<br>ਉੱਤਰ :ਰੇਲਵੇ ਲਾਈਨ, ਫੈਕਟਰੀਆਂ, ਭੱਠੀਆਂ, ਬੱਸ ਸਟੈਂਡ ਆਦਿ। |
| 48 | ਘਰ ਬਣਾਉਣ ਲਈ ਕਿਹੋ ਜਿਹੀ ਮਿੱਟੀ ਹੋਣੀ ਚਾਹੀਦੀ ਹੈ?<br>ਉੱਤਰ :ਘਰ ਲਈ ਸੁੱਕੀ, ਉੱਚੀ, ਕੰਕਰੀਟ ਅਤੇ ਚੂਨੇ ਪੱਥਰ ਵਾਲੀ ਜਮੀਨ ਸਭ ਤੋਂ ਵਧੀਆ ਹੁੰਦੀ ਹੈ। |
| 49 | ਰਸੋਈ ਦੀ ਸ਼ੇਪ ਜਾਂ ਆਕਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ?<br>ਉੱਤਰ :U ਆਕਾਰ ਜਾਂ L ਆਕਾਰ |
| 50 | ਘਰ ਦਾ ਆਲਾ ਦੁਆਲਾ ਕਿਹੋ ਜਿਹਾ ਚਾਹੀਦਾ ਹੈ?<br>ਉੱਤਰ :ਸਾਫ ਸੁੱਥਰਾ ਹੋਵੇ। ਆਸੇ ਪਾਸੇ ਛੱਪੜ, ਨਾਲਾ ਜਾਂ ਵਾਤਾਵਰਣ ਨੂੰ ਗੰਦਾ ਕਰਨ ਵਾਲੀ ਕੋਈ ਚੀਜ਼ ਨਾ ਹੋਵੇ। |
| | ਸਹੀ/ਗਲਤ ਦੱਸੋ |
| 51 | ਨੀਹਾਂ ਭਰਨ ਲਈ ਘੱਟੋ-ਘੱਟ 2-5 ਫੁੱਟ ਦੀ ਡੂੰਘਾਈ ਤੱਕ ਮਿੱਟੀ ਪੱਕੀ ਚਾਹੀਦੀ ਹੈ?<br>ਉੱਤਰ :ਸਹੀ |
| 52 | ਰੇਤਲੀ ਥਾਂ ਤੇ ਮਕਾਨ ਚੰਗਾ ਬਣਦਾ ਹੈ। |



Ramandeep Kaur
Manpreet Kaur

| | |
|---|---|
| | ਉੱਤਰ :ਗਲਤ |
| 53 | ਘਰ ਬਣਾਉਣ ਸਮੇਂ ਧਿਆਨ ਦੇਣਾ ਚਾਹੀਦਾ ਹੈ ਕਿ ਜਗ੍ਹਾ ਕਮੇਟੀ ਜਾਂ ਸਰਕਾਰ ਵੱਲੋਂ ਪ੍ਰਮਾਣਿਤ ਹੋਵੇ।<br>ਉੱਤਰ :ਸਹੀ। |
| 54 | ਘਰ ਬਣਾਉਣ ਲਈ ਕਰਜ਼ ਨਹੀਂ ਮਿਲਦਾ।<br>ਉੱਤਰ :ਗਲਤ। |
| 55 | ਘਰ ਬਣਾਉਣ ਲਈ ਸਮਤਲ ਭੂਮੀ ਚੰਗੀ ਹੁੰਦੀ ਹੈ।<br>ਉੱਤਰ :ਗਲਤ। |
| 56 | ਘੱਟ ਆਮਦਨ ਵਾਲੇ ਘਰਾਂ ਵਿੱਚ ਪੰਜ ਛੇ ਕਮਰੇ ਹੁੰਦੇ ਹਨ।<br>ਉੱਤਰ :ਗਲਤ। |
| 57 | ਘਰ ਇੱਟਾਂ, ਗਾਰੇ ਤੋਂ ਬਣਿਆ ਮਕਾਨ ਹੀ ਨਹੀਂ ਸਗੋਂ ਸਾਡੀਆਂ ਭਾਵਨਾਵਾਂ ਦਾ ਸੂਚਕ ਵੀ ਹੈ।<br>ਉੱਤਰ :ਸਹੀ। |
| 58 | ਘਰ ਸਾਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ?<br>ਉੱਤਰ :ਸਹੀ |
| 59 | ਮਕਾਨ ਲਈ ਖਰੀਦੀ ਜਾਣ ਵਾਲੀ ਜਮੀਨ ਦਾ ਮੁੱਲ ਆਪਣੀ ਜੇਬ ਅਨੁਸਾਰ ਹੋਣਾ ਚਾਹੀਦਾ ਹੈ।<br>ਉੱਤਰ :ਸਹੀ। |
| 60 | ਘਰ ਬਣਾਉਣ ਵਾਲਾ ਆਪਣੇ ਘਰ ਦਾ ਮਾਲਕ ਨਹੀਂ ਹੁੰਦਾ ਹੈ।<br>ਉੱਤਰ :ਗਲਤ |
| | ਖਾਲੀ ਥਾਵਾਂ ਭਰੋ |
| 61 | ਘਰ ਬਣਾਉਣ ਲਈ ਸਮਤਲ ਅਤੇ -----------------ਭੂਮੀ ਵਧੀਆ ਰਹਿੰਦੀ ਹੈ।<br>ਉੱਤਰ :ਠੋਸ। |
| 62 | -----------------ਤੇ ਘਰ ਨਹੀਂ ਬਣਾਉਣਾ ਚਾਹੀਦਾ।<br>ਉੱਤਰ :ਰੇਤਲੀ ਜ਼ਮੀਨ। |
| 63 | ਹਵਾ ਦੀ ਆਵਾਜਾਈ ਦਾ ਅਰਥ ਹੈ—ਅੰਦਰ ਆ ਸਕੇ ਅਤੇ ਗੰਦੀ ਹਵਾ ਬਾਹਰ ਨਿਕਲ ਸਕੇ। |

| | |
|---|---|
| | ਉੱਤਰ :ਤਾਜ਼ੀ ਹਵਾ |
| 64 | ਘਰ ਬਣਾਉਣ ਜਾਂ ਖਰੀਦਣ ਸਮੇਂ ਜ਼ਿਆਦਾ ---------------- ਦੀ ਜ਼ਰੂਰਤ ਹੁੰਦੀ ਹੈ।<br>ਉੱਤਰ :ਧਨ। |
| 65 | ਬੱਚਿਆਂ ਦਾ ਕਮਰਾ ----------------ਦੇ ਕਮਰੇ ਦੇ ਨੇੜੇ ਹੋਣਾ ਚਾਹੀਦਾ ਹੈ।<br>ਉੱਤਰ :ਮਾਤਾ ਪਿਤਾ |
| 66 | ਖਾਣਾ ਖਾਣ ਦਾ ਕਮਰਾ ----------------ਦੇ ਨੇੜੇ ਹੋਣਾ ਚਾਹੀਦਾ ਹੈ।<br>ਉੱਤਰ :ਬੈਠਕ |
| | ਬਹੁਵਿਕਲਪੀ ਪ੍ਰਸ਼ਨ/ਉੱਤਰ |
| 67 | ਘਰ ਬਣਾਉਣ ਲਈ ਕਰਜ਼ ਦੇਣ ਵਾਲੀਆਂ ਏਜੰਸੀਆਂ ਹਨ:-<br>(1)ਬੈਂਕ (2) ਟਰਸਟ (3) ਜੀਵਨ ਬੀਮਾ ਕੰਪਨੀਆਂ (4) ਉਪਰੋਕਤ ਸਾਰੇ<br>ਉੱਤਰ :ਉਪਰੋਕਤ ਸਾਰੇ। |
| 68 | ਰਸੋਈ ਦਾ ਘੱਟੋ-ਘੱਟ ਆਕਾਰ ਹੋਣਾ ਚਾਹੀਦਾ ਹੈ:<br>(1)50 ਵਰਗ ਫੁੱਟ (2) 20 ਵਰਗ ਫੁੱਟ (3) 80 ਵਰਗ ਫੁੱਟ<br>ਉੱਤਰ :80 ਵਰਗ ਫੁੱਟ |
| 69 | ਆਮਦਨ ਅਨੁਸਾਰ ਭਾਰਤੀ ਘਰਾਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-<br>(i) 2 (ii) 3 (iii) 5 (iv) 7<br>ਉੱਤਰ : (ii) 3 |
| 70 | ਸੌਣ ਦੇ ਕਮਰੇ ਦਾ ਆਕਾਰ ਹੋਣਾ ਚਾਹੀਦਾ ਹੈ:-<br>(i) 10×12' (ii) 15×12' (iii)10×6'<br>ਉੱਤਰ :10×12' |
| | ਪਾਠ-3 (ਚੌਗਿਰਦੇ ਦੀ ਸਫਾਈ)<br>ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ |
| 71 | ਚੌਗਿਰਦੇ ਦੀ ਸਫਾਈ ਕਿਸ ਨੂੰ ਕਹਿੰਦੇ ਹਨ?<br>ਉੱਤਰ :ਘਰ ਦੇ ਆਲੇ ਦੁਆਲੇ ਦੀ ਸਫਾਈ ਨੂੰ ਚੌਗਿਰਦੇ ਦੀ ਸਫਾਈ ਕਹਿੰਦੇ ਹਨ। |
| 72 | ਘਰ ਦੀ ਸਫਾਈ ਦੀ ਜਿੰਮੇਵਾਰੀ ਕਿਸ ਦੀ ਹੁੰਦੀ ਹੈ? |



Ramandeep Kaur
Manpreet Kaur

| | |
|---|---|
| | ਉੱਤਰ :ਗ੍ਰਹਿਣੀ |
| 73 | ਘਰ ਦੇ ਕੂੜੇ ਕਰਕਟ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਪੰਜ ਭਾਗਾਂ ਵਿੱਚ |
| 74 | ਘਰੇਲੂ ਕੂੜੇ ਵਿੱਚ ਕੀ ਕੁਝ ਹੁੰਦਾ ਹੈ?<br>ਉੱਤਰ :ਰਸੋਈ ਦੀ ਜੂਠ, ਫਲਾਂ ਅਤੇ ਸਬਜੀਆਂ ਦੇ ਛਿਲਕੇ ਆਦਿ। |
| 75 | ਚੌਗਿਰਦੇ ਦੀ ਸਫਾਈ ਰੱਖਣ ਨਾਲ ਅਸੀਂ ਕਿਹੜੀਆਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਾਂ?<br>ਉੱਤਰ :ਮਲੇਰੀਆ, ਹੈਜ਼ਾ, ਫਲ ਅਤੇ ਦਸਤ ਆਦਿ। |
| 76 | ਕੂੜੇ ਦੇ ਨਿਪਟਾਰੇ ਦੀਆਂ ਵਿਧੀਆਂ ਦੇ ਨਾਮ ਲਿਖੋ?<br>ਉੱਤਰ :ਛਾਂਟਣਾ, ਨੀਂਵੀ ਜਗ੍ਹਾ ਨੂੰ ਭਰਨਾ, ਭੱਠੀ ਵਿੱਚ ਜਲਾਉਣਾ, ਖਾਦ ਬਣਾਉਣੀ। |
| 77 | ਕੂੜੇ ਤੋਂ ਖਾਦ ਕਿੰਨੇ ਦਿਨਾਂ ਵਿੱਚ ਤਿਆਰ ਹੋ ਜਾਂਦੀ ਹੈ?<br>ਉੱਤਰ :4-6 ਮਹੀਨੇ। |
| 78 | ਪਖਾਨਿਆਂ ਦੀ ਉੱਚਿਤ ਸਫਾਈ ਨਾ ਹੋਵੇ ਤਾਂ ਕਿਹੜੇ -ਕਿਹੜੇ ਰੋਗ ਹੋ ਸਕਦੇ ਹਨ?<br>ਉੱਤਰ :ਟਾਈਫਾਈਡ, ਹੈਜ਼ਾ |
| 79 | ਨਾਲੀਆਂ ਕਿਹੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ?<br>ਉੱਤਰ :ਪੱਕੀਆਂ |
| 80 | ਨਾਲੀਆਂ ਵਿੱਚ ਕਿਹੜੀ ਦਵਾਈ ਪਾਉਣੀ ਚਾਹੀਦੀ ਹੈ?<br>ਉੱਤਰ :ਫੀਨਾਇਲ ਜਾਂ ਡੀ.ਡੀ.ਟੀ. |
| 81 | ਪਸ਼ੂਆਂ ਦੇ ਗੋਬਰ ਤੋਂ ਕੀ ਬਣਦਾ ਹੈ?<br>ਉੱਤਰ :ਪਾਥੀਆਂ ਅਤੇ ਗੋਬਰ |
| | ਸਹੀ/ਗਲਤ ਦੱਸੋ |
| 82 | ਘਰ ਗੰਦਾ ਹੋਵੇਗਾ ਤਾਂ ਅਸੀਂ ਬਿਮਾਰੀ ਪੈ ਸਕਦੇ ਹਾਂ।<br>ਉੱਤਰ :ਸਹੀ। |
| 83 | ਘਰ ਦੇ ਕੂੜੇ ਕਰਕਟ ਨੂੰ ਗਲੀ ਵਿੱਚ ਸੁੱਟਣਾ ਚਾਹੀਦਾ ਹੈ?<br>ਉੱਤਰ :ਗਲਤ |
| 84 | ਘਰ ਦੀਆਂ ਨਾਲੀਆਂ ਜਮੀਨ ਦੇ ਅੰਦਰ ਹੋਣੀਆਂ ਚਾਹੀਦੀਆਂ ਹਨ? |

| | |
|---|---|
| | ਉੱਤਰ :ਸਹੀ। |
| 85 | ਕੂੜੇ ਤੋਂ ਖਾਦ ਬਣਨ ਲਈ ਦੋ ਸਾਲ ਲੱਗਦੇ ਹਨ।<br>ਉੱਤਰ :ਗਲਤ |
| 86 | ਨਾਲੀਆਂ ਕੱਚੀਆਂ ਹੋਣੀਆਂ ਚਾਹੀਦੀਆਂ ਹਨ।<br>ਉੱਤਰ :ਗਲਤ |
| 87 | ਸਾਫ਼ ਆਲਾ-ਦੁਆਲਾ ਬਦਬੂ ਤੋਂ ਬਚਾ ਕੇ ਰੱਖਦਾ ਹੈ?<br>ਉੱਤਰ :ਸਹੀ |
| 88 | ਮੱਖੀਆਂ, ਹੈਜ਼ਾ, ਟਾਈਫਾਈਡ , ਦਸਤ ਅਤੇ ਪੇਚਿਤ ਰੋਗਾਂ ਨੂੰ ਫੈਲਾਉਂਦੀਆਂ ਹਨ।<br>ਉੱਤਰ :ਸਹੀ |
| | ਖਾਲੀ ਸਥਾਨ ਭਰੋ |
| 89 | ਘਰਾਂ ਵਿੱਚ ਕੂੜੇਦਾਨ ---------------ਹੋਣੇ ਚਾਹੀਦੇ ਹਨ।<br>ਉੱਤਰ :ਢੱਕਨ ਵਾਲੇ |
| 90 | ਗੰਦਗੀ ਦੇ ਢੇਰ ਤੋਂ ਥੋੜੀ ਦੇਰ ਬਾਅਦ ---------------ਆਉਣੀ ਸ਼ੁਰੂ ਹੋ ਜਾਂਦੀ ਹੈ।<br>ਉੱਤਰ :ਬਦਬੂ |
| 91 | ---------------ਨੂੰ ਟਿਕਾਣੇ ਲਾਉਣ ਦਾ ਕੰਮ ਸਭ ਤੋਂ ਕਠਿਨ ਅਤੇ ਮਹੱਤਵਪੂਰਨ ਹੈ।<br>ਉੱਤਰ :ਮਲ ਮੂਤਰ |
| 92 | ਗੋਬਰ ਤੋਂ --------------- ਬਣਾ ਕੇ ਜਲਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ।<br>ਉੱਤਰ :ਪਾਥੀਆਂ |
| 93 | ---------------ਨਾਲ ਮੱਖੀ, ਮੱਛਰ ਅਤੇ ਹੋਰ ਜੀਵ ਜੰਤੂ ਪੈਦਾ ਹੋ ਸਕਦੇ ਹਨ।<br>ਉੱਤਰ :ਖੜ੍ਹੇ ਪਾਣੀ |
| 94 | ਦਾ ਤਰੀਕਾ ਕੂੜੇ ਦੇ ਨਿਪਟਾਰੇ ਦਾ ਸਭ ਤੋਂ ਵਧੀਆ ਤਰੀਕਾ ਸਮਝਿਆ ਜਾਂਦਾ ਹੈ।<br>ਉੱਤਰ :ਭੱਠੀ ਵਿੱਚ ਜਲਾਉਣ। |
| 95 | ਲਗਾਤਾਰ ਕੂੜਾ ਪਏ ਰਹਿਣ ਨਾਲ ---------------ਦਾ ਡਰ ਰਹਿੰਦਾ ਹੈ।<br>ਉੱਤਰ :ਪਾਣੀ ਦੇ ਪ੍ਰਦੂਸ਼ਣ |



Ramandeep Kaur
Manpreet Kaur

| | |
|---|---|
| | ਪਾਠ-4 (ਡਿਜ਼ਾਇਨ ਦੇ ਮੂਲ ਅੰਸ਼ ਅਤੇ ਸਿਧਾਂਤ)<br>ਇੱਕ ਸਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ |
| 96 | ਡਿਜ਼ਾਇਨ ਦੇ ਮੂਲ ਅੰਸ਼ ਦੱਸੋ?<br>ਉੱਤਰ :ਰੇਖਾਵਾਂ, ਰੂਪ, ਆਕਾਰ, ਰੰਗ ਅਤੇ ਬਣਤਰ |
| 97 | ਡਿਜ਼ਾਇਨ ਦੇ ਮੂਲ ਸਿਧਾਂਤ ਕਿੰਨੇ ਹਨ?<br>ਉੱਤਰ :ਪੰਜ |
| 98 | ਡਿਜ਼ਾਇਨ ਦੇ ਪੰਜ ਮੂਲ ਸਿਧਾਂਤ ਕਿਹੜੇ ਹਨ?<br>ਉੱਤਰ :ਇਕਸੁਰਤਾ, ਅਨੁਪਾਤ, ਸੰਤੁਲਨ, ਲੈਅ, ਬੱਲ |
| 99 | ਪ੍ਰਾਥਮਿਕ ਰੰਗ ਕਿਹੜੇ ਹਨ?<br>ਉੱਤਰ :ਲਾਲ, ਪੀਲਾ, ਨੀਲਾ |
| 100 | ਜਦੋਂ ਦੋ ਪ੍ਰਾਥਮਿਕ ਰੰਗਾਂ ਨੂੰ ਮਿਲਾਇਆ ਜਾਂਦਾ ਹੈ ਤਾਂ ਕਿਹੜੇ ਰੰਗ ਬਣਦੇ ਹਨ?<br>ਉੱਤਰ :ਦੂਜੇ ਦਰਜੇ ਦੇ ਰੰਗ |
| 101 | ਦੂਜੇ ਦਰਜੇ ਦੇ ਕਿੰਨੇ ਰੰਗ ਹਨ?<br>ਉੱਤਰ :ਤਿੰਨ |
| 102 | ਦੂਜੇ ਦਰਜੇ ਦੇ ਕਿਹੜੇ ਰੰਗ ਹਨ?<br>ਉੱਤਰ :ਹਰਾ, ਜਾਮਣੀ, ਸੰਤਰੀ |
| 103 | ਤੀਜੇ ਦਰਜੇ ਦੇ ਰੰਗ ਕਿੰਨੇ ਹਨ?<br>ਉੱਤਰ :ਛੇ |
| 104 | ਠੰਡੇ ਰੰਗ ਕਿਹੜੇ ਹਨ?<br>ਉੱਤਰ :ਹਰਾ, ਨੀਲਾ, ਸਫੇਦ |
| 105 | ਗਰਮ ਰੰਗ ਕਿਹੜੇ ਹਨ?<br>ਉੱਤਰ :ਲਾਲ, ਸੰਤਰੀ, ਪੀਲਾ। |
| 106 | ਉਦਾਸੀਨ ਰੰਗ ਕਿਹੜੇ ਹਨ?<br>ਉੱਤਰ :ਕਾਲਾ ਅਤੇ ਸਲੇਟੀ |
| 107 | ਪੀਲਾ + ਨੀਲਾ= ? |

| | |
|---|---|
| | ਉੱਤਰ :ਹਰਾ |
| 108 | ਨੀਲਾ + ਲਾਲ = ?<br>ਉੱਤਰ :ਜਾਮੁਨੀ |
| 109 | ਲਾਲ + ਪੀਲਾ = ?<br>ਉੱਤਰ :ਸੰਤਰੀ |
| 110 | ਲਾਲ + ਚਿੱਟਾ = ?<br>ਉੱਤਰ :ਗੁਲਾਬੀ |
| 111 | ਵਿਰੋਧੀ ਰੰਗ ਯੋਜਨਾ ਦੀ ਕੋਈ ਉਦਾਹਰਣ ਦਿਉ?<br>ਉੱਤਰ :ਪੀਲਾ ਅਤੇ ਜਾਮੁਨੀ, ਸੰਤਰੀ ਅਤੇ ਨੀਲਾ |
| 112 | ਸਿੱਧੀਆਂ ਰੇਖਾਵਾਂ ਕਿਸ ਦੀਆਂ ਪ੍ਰਤੀਕ ਹਨ?<br>ਉੱਤਰ :ਦ੍ਰਿੜਤਾ ਅਤੇ ਸਾਦਗੀ |
| 113 | ਲੇਟਵੀਆਂ ਰੇਖਾਵਾਂ ਕੀ ਦਰਸਾਉਂਦੀਆਂ ਹਨ?<br>ਉੱਤਰ :ਸ਼ਾਂਤੀ ਅਤੇ ਅਰਾਮ |
| 114 | ਗੋਲ ਰੇਖਾਵਾਂ ਕੀ ਦਰਸਾਉਂਦੀਆਂ ਹਨ?<br>ਉੱਤਰ :ਸਾਡੀ ਮਨੋਦਸ਼ਾ ਅਤੇ ਭਾਵਨਾਵਾਂ |
| 115 | ਕੋਣ ਵਾਲੀਆਂ ਰੇਖਾਵਾਂ ਦਾ ਕੀ ਅਸਰ ਪੈਂਦਾ ਹੈ?<br>ਉੱਤਰ :ਦ੍ਰਿੜਤਾ, ਅਸ਼ਾਤੀ, ਹਲਚਲ। |
| | ਸਹੀ/ਗਲਤ ਦੱਸੋ |
| 116 | ਰੇਖਾਵਾਂ ਸਾਡੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ?<br>ਉੱਤਰ :ਸਹੀ |
| 117 | ਇੱਕ ਚੰਗਾ ਡਿਜ਼ਾਇਨ ਬਨਾਉਣ ਲਈ ਕਲਾ ਦੇ ਮੂਲ ਸਿਧਾਂਤਾਂ ਦਾ ਪਤਾ ਹੋਣਾ ਜ਼ਰੂਰੀ ਹੈ?<br>ਉੱਤਰ :ਸਹੀ |
| 118 | ਡਿਜ਼ਾਇਨ ਦੇ ਮੂਲ ਸਿਧਾਂਤ ਸੱਤ ਹਨ?<br>ਉੱਤਰ :ਗਲਤ |
| 119 | ਕਾਲਾ ਉਦਾਸੀਨ ਰੰਗ ਹੈ? |



Ramandeep Kaur
Manpreet Kaur

| | |
|---|---|
| | ਉੱਤਰ :ਸਹੀ |
| 120 | ਸੰਤੁਲਨ ਦੋ ਤਰ੍ਹਾਂ ਦਾ ਹੁੰਦਾ ਹੈ?<br>ਉੱਤਰ :ਸਹੀ। |
| 121 | ਇੱਕੋ ਰੰਗ ਜਾਂ ਡਿਜ਼ਾਇਨ ਨੂੰ ਬਾਰ ਬਾਰ ਦੁਹਰਾਉਣ ਨਾਲ ਬਲ ਨਹੀਂ ਪੈਦਾ ਕੀਤਾ ਜਾ ਸਕਦਾ।<br>ਉੱਤਰ :ਗਲਤ |
| 122 | ਡਿਜਾਇਨ ਨੂੰ ਬਣਾਉਣ ਲਈ ਲਾਈਨਾਂ, ਆਕਾਰ, ਰੰਗ ਅਤੇ ਰਚਨਾ ਦੀ ਜ਼ਰੂਰਤ ਨਹੀਂ ਪੈਂਦੀ।<br>ਉੱਤਰ :ਗਲਤ। |
| | ਖਾਲੀ ਸਥਾਨ ਭਰੋ |
| 123 | ਲਾਲ, ਪੀਲਾ, ਨੀਲਾ ---------- ਰੰਗ ਹੈ।<br>ਉੱਤਰ :ਪ੍ਰਾਥਮਿਕ |
| 124 | ----------ਰੰਗ ਉਦਾਸੀਨ ਰੰਗ ਹੈ।<br>ਉੱਤਰ :ਸਲੇਟੀ |
| 125 | ਘਰ ਦੀ ----------ਭਾਰਤੀ ਜਾਂ ਪੱਛਮੀ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ।<br>ਉੱਤਰ :ਸਜਾਵਟ |
| 126 | ਹਰ ਇੱਕ ਡਿਜ਼ਾਇਨ ਵਿੱਚ ਕਈ ਤਰ੍ਹਾਂ ਦੀਆਂ ----------ਸੰਮਲਿਤ ਹੁੰਦੀਆਂ ਹਨ।<br>ਉੱਤਰ :ਰੇਖਾਵਾਂ |
| 127 | ----------ਅਨੁਸਾਰ ਸਾਰੇ ਰੰਗ, ਤਿੰਨ ਪ੍ਰਾਥਮਿਕ ਰੰਗਾਂ-ਪੀਲਾਂ, ਨੀਲਾ ਅਤੇ ਲਾਲ ਤੋਂ ਬਣਦੇ ਹਨ।<br>ਉੱਤਰ :ਪਰਾਂਗ |
| 128 | ਕਿਸੇ ਵੀ ਕਮਰੇ ਵਿੱਚ ਪਈਆਂ ਚੀਜ਼ਾ ਕਮਰੇ ਦੇ ----------ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ।<br>ਉੱਤਰ :ਖੇਤਰਫਲ |
| 129 | ਸਿੱਧੀਆਂ ਰੇਖਾਵਾਂ ਦਾ ਜਿਆਦਾ ਪ੍ਰਯੋਗ ----------ਵਿੱਚ ਕੀਤਾ ਜਾਂਦਾ ਹੈ।<br>ਉੱਤਰ :ਗਿਰਜੇ ਘਰਾਂ ਵਿੱਚ |

| | |
|---|---|
| 130 | ਲੇਟਵੀਆਂ ਰੇਖਾਵਾਂ ਕਿਸੇ ਚੀਜ਼ ਦੇ ਅਕਾਰ ਨੂੰ ---------ਦਿਖਾਉਣ ਦਾ ਭਰਮ ਪੈਦਾ ਕਰਦੀਆਂ ਹਨ।<br>ਉੱਤਰ :ਛੋਟਾ। |
| | ਪਾਠ-5 (ਘਰ ਦੀ ਅੰਦਰਲੀ ਸਜਾਵਟ)<br>ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ |
| 131 | ਸਜਾਵਟ ਕਰਨਾ ਕਿਹੜੀ ਕਲਾ ਹੈ?<br>ਉੱਤਰ :ਰਚਨਾਤਮਕ |
| 132 | ਘਰ ਦੀ ਅੰਦਰਲੀ ਸਜਾਵਟ ਲਈ ਕੀ ਕੁਝ ਪ੍ਰਯੋਗ ਹੁੰਦਾ ਹੈ?<br>ਉੱਤਰ :ਪਰਦੇ, ਫਰਨੀਚਰ, ਗਲੀਚੇ, ਕੁਸ਼ਨ ਆਦਿ। |
| 133 | ਫਰਨੀਚਰ ਦੀ ਚੋਣ ਸਮੇਂ ਬਹੁਤ ਧਿਆਨ ਦੀ ਲੋੜ ਕਿਉਂ ਹੈ?<br>ਉੱਤਰ :ਕਿਉਂਕਿ ਫਰਨੀਚਰ ਨੂੰ ਆਮ ਤੌਰ ਤੇ ਜਲਦੀ ਬਦਲਿਆ ਨਹੀਂ ਜਾਂਦਾ। |
| 134 | ਛੋਟੇ ਘਰਾਂ ਵਿੱਚ ਕਿਹੋ ਜਿਹਾ ਫਰਨੀਚਰ ਹੋਣਾ ਚਾਹੀਦਾ ਹੈ?<br>ਉੱਤਰ :ਹਲਕਾ ਫਰਨੀਚਰ |
| 135 | ਫਰਨੀਚਰ ਦਾ ਆਕਾਰ ਅਤੇ ਡਿਜ਼ਾਇਨ ਕਿਹੋ ਜਿਹਾ ਹੋਣਾ ਚਾਹੀਦਾ ਹੈ?<br>ਉੱਤਰ :ਕਮਰੇ ਦੀਆਂ ਦੂਸਰੀਆਂ ਚੀਜ਼ਾਂ ਅਤੇ ਕਮਰੇ ਦੇ ਆਕਾਰ ਦੇ ਮੁਤਾਬਕ। |
| 136 | ਫਰਨੀਚਰ ਦੀ ਕੀਮਤ ਕਿੰਨੀ ਹੋਣੀ ਚਾਹੀਦੀ ਹੈ।<br>ਉੱਤਰ :ਤੁਹਾਡੇ ਬਜਟ ਦੇ ਮੁਤਾਬਕ। |
| 137 | ਪਲਾਸਟਿਕ ਦੇ ਫਰਨੀਚਰ ਦਾ ਲਾਭ ਦੱਸੋ?<br>ਉੱਤਰ :ਇਸਨੂੰ ਸਿਉਂਕ ਨਹੀਂ ਲੱਗਦੀ। |
| 138 | ਪਰਦਿਆਂ ਨਾਲ ਕਿਹੋ ਜਿਹੀ ਭਾਵਨਾ ਪੈਦਾ ਹੁੰਦੀ ਹੈ?<br>ਉੱਤਰ :ਇਕਾਂਤ ਦੀ ਭਾਵਨਾ |
| 139 | ਪਰਦੇ ਕਿਸ ਤਰ੍ਹਾਂ ਦੇ ਹੋਣੇ ਚਾਹੀਦੇ ਹਨ?<br>ਉੱਤਰ :ਜਿਨ੍ਹਾਂ ਨਾਲ ਹਵਾ ਅਤੇ ਰੋਸ਼ਨੀ ਦੀ ਆਵਾਜਾਈ ਬਿਲਕੁਲ ਹੀ ਬੰਦ ਨਾ ਹੋਵੇ। |
| 140 | ਘਰ ਦੀ ਸੁੰਦਰਤਾ ਵਧਾਉਣ ਤੋਂ ਇਲਾਵਾ ਪਰਦਿਆਂ ਦੇ ਲਾਭ ਦੱਸੋ?<br>ਉੱਤਰ :ਪਰਦੇ ਤੇਜ਼ ਹਵਾ, ਜ਼ਿਆਦਾ ਰੋਸ਼ਨੀ ਅਤੇ ਧੂਲ ਮਿੱਟੀ ਆਦਿ ਤੋਂ ਬਚਾਉਂਦੇ ਹਨ। |



Ramandeep Kaur
Manpreet Kaur

| | |
|---|---|
| 141 | ਸਰਦੀਆਂ ਵਿੱਚ (ਠੰਡੇ ਦੇਸ਼ਾਂ) ਵਿੱਚ ਕਿਸ ਰੰਗ ਦੇ ਪਰਦੇ ਲਗਾਏ ਜਾਂਦੇ ਹਨ?<br>ਉੱਤਰ :ਗੂੜੇ ਰੰਗ ਦੇ। |
| 142 | ਵੱਡੇ ਕਮਰੇ ਵਿੱਚ ਕਿਹੋ ਜਿਹੇ ਪਰਦੇ ਲਗਾਏ ਜਾਂਦੇ ਹਨ?<br>ਉੱਤਰ :ਵੱਡੇ ਪਰਿੰਟ ਵਾਲੇ। |
| 143 | ਛੋਟੇ ਕਮਰੇ ਵਿੱਚ ਕਿਹੋ ਜਿਹੇ ਪਰਦੇ ਲਗਾਏ ਜਾਂਦੇ ਹਨ?<br>ਉੱਤਰ :ਪਲੇਨ ਰੰਗ ਜਾਂ ਛੋਟੇ ਪ੍ਰਿੰਟ ਦੇ |
| 144 | ਫਰਸ਼ ਨੂੰ ਢੱਕਣ ਲਈ ਕੀ ਵਰਤਿਆ ਜਾਂਦਾ ਹੈ?<br>ਉੱਤਰ :ਦਰੀ, ਕਾਲੀਨ, ਗਲੀਚਾ, ਚਟਾਈ ਆਦਿ। |
| 145 | ਛੋਟੇ ਕਮਰੇ ਨੂੰ ਖੁੱਲਾ ਦਿਖਾਉਣ ਲਈ ਕਿਹੋ ਜਿਹਾ ਕਾਲੀਨ ਵਰਤਣਾ ਚਾਹੀਦਾ ਹੈ?<br>ਉੱਤਰ :ਫਿੱਕੇ ਰੰਗ ਦਾ ਸਾਦਾ ਕਾਲੀਨ। |
| 146 | ਗੱਦੀਆਂ ਕੁਸ਼ਨ ਕਿਸ ਆਕਾਰ ਦੇ ਹੁੰਦੇ ਹਨ।<br>ਉੱਤਰ :ਚੌਰਸ, ਗੋਲ ਅਤੇ ਤਿਕੋਨ |
| 147 | ਗੱਦੀਆਂ ਜਾਂ ਕੁਸ਼ਨ ਕਿਉ ਵਰਤੇ ਜਾਂਦੇ ਹਨ?<br>ਉੱਤਰ :ਕਮਰੇ ਦੀ ਸੁੰਦਰਤਾ ਵਧਾਉਣ ਲਈ। |
| 148 | ਸਜਾਵਟ ਲਈ ਸਹਾਇਕ ਚੀਜ਼ਾਂ ਕਿਹੜੀਆਂ ਹਨ?<br>ਉੱਤਰ :ਫੁੱਲ, ਗੁਲਦਸਤੇ, ਚਿੱਤਰ, ਫੋਟੋਆਂ, ਕਿਤਾਬਾਂ ਟੇਬਲ ਲੈਪ ਅਤੇ ਘੜੀਆਂ ਆਦਿ। |
| 149 | ਕਿਹੜੀ ਚੀਜ਼ ਤੋਂ ਬਿਨਾਂ ਕਮਰੇ ਦੀ ਸਜਾਵਟ ਅਧੂਰੀ ਹੁੰਦੀ ਹੈ?<br>ਉੱਤਰ :ਫੁੱਲਾਂ ਦੀ ਸਜਾਵਟ ਤੋਂ ਬਿਨ੍ਹਾਂ। |
| 150 | ਫੁੱਲਾਂ ਦਾ ਸਾਈਜ਼ ਕਿਸੇ ਦੇ ਅਨੁਸਾਰ ਹੋਣਾ ਚਾਹੀਦਾ ਹੈ?<br>ਉੱਤਰ :ਫੁੱਲਦਾਨ ਦੇ ਸਾਈਜ਼ ਅਤੇ ਆਕਾਰ ਦੇ ਅਨੁਸਾਰ। |
| 151 | ਫੁੱਲਦਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ?<br>ਉੱਤਰ :ਸਾਦਾ। |
| 152 | ਫੁੱਲਾਂ ਨੂੰ ਆਪਣੀ ਜਗ੍ਹਾ ਤੇ ਟਿਕਾਉਣ ਲਈ ਕੀ ਵਰਤਿਆ ਜਾਂਦਾ ਹੈ?<br>ਉੱਤਰ :ਸਟੈੱਮ ਹੋਲਡਰ |

| | |
|---|---|
| 153 | ਫੁੱਲਾਂ ਨੂੰ ਸਜਾਉਣ ਦੇ ਮੁੱਖ ਦੋ ਤਰੀਕੇ ਕਿਹੜੇ ਹਨ?<br>ਉੱਤਰ : (1) ਜਪਾਨੀ (2) ਅਮਰੀਕਨ |
| 154 | ਜਪਾਨੀ ਫੁੱਲ ਸਜਾਵਟ ਢੰਗ ਵਿੱਚ ਵੱਡਾ (ਉੱਚਾ) ਫੁੱਲ ਕਿਸ ਦਾ ਪ੍ਰਤੀਕ ਹੈ?<br>ਉੱਤਰ :ਪ੍ਰਮਾਤਮਾ ਦਾ। |
| 155 | ਜਪਾਨੀ ਫੁੱਲ ਸਜਾਵਟ ਢੰਗ ਵਿੱਚ ਛੋਟਾ ਫੁੱਲ ਕਿਸ ਦਾ ਪ੍ਰਤੀਕ ਹੈ?<br>ਉੱਤਰ :ਧਰਤੀ ਦਾ |
| 156 | ਕਿਸ ਤਰੀਕੇ ਦੀ ਫੁੱਲਾਂ ਦੀ ਸਜਾਵਟ ਵਿੱਚ ਕਈ ਰੰਗਾਂ ਅਤੇ ਕਿਸਮਾਂ ਦੇ ਫੁੱਲ ਵਰਤੇ ਜਾਂਦੇ ਹਨ?<br>ਉੱਤਰ :ਅਮਰੀਕਨ ਤਰੀਕੇ ਵਿੱਚ। |
| | ਸਹੀ ਗਲਤ ਦੱਸੋ |
| 157 | ਅਮਰੀਕਨ ਤਰੀਕੇ ਦੀ ਫੁੱਲ ਵਿਵਸਥਾ ਵਿੱਚ ਇੱਕ ਰੰਗ ਦੇ ਹੀ ਫੁੱਲ ਵਰਤੇ ਜਾਂਦੇ ਹਨ।<br>ਉੱਤਰ :ਗਲਤ |
| 158 | ਜਪਾਨੀ ਫੁੱਲ ਵਿਵਸਥਾ ਵਿੱਚ ਇਕੋ ਹੀ ਕਿਸਮ ਅਤੇ ਇੱਕ ਹੀ ਰੰਗ ਦੇ ਫੁੱਲ ਹੁੰਦੇ ਹਨ।<br>ਉੱਤਰ :ਸਹੀ। |
| 159 | ਫੁੱਲਾਂ ਦਾ ਆਕਾਰ ਫੁੱਲਦਾਨ ਦੇ ਅਕਾਰ ਦੇ ਮੁਤਾਬਿਕ ਹੋਣਾ ਚਾਹੀਦਾ ਹੈ।<br>ਉੱਤਰ :ਸਹੀ |
| 160 | ਫੁੱਲਾਂ ਦਾ ਰੰਗ ਕਮਰੇ ਦੀ ਰੰਗ ਯੋਜਨਾ ਨਾਲ ਮੇਲ ਖਾਂਦਾ ਨਹੀਂ ਹੋਣਾ ਚਾਹੀਦਾ।<br>ਉੱਤਰ :ਗਲਤ |
| 161 | ਵੱਡੇ ਨਮੂਨੇ ਦਾ ਕਾਲੀਨ ਵਿਛਾਉਣ ਨਾਲ ਕਮਰਾ ਛੋਟਾ ਲੱਗਦਾ ਹੈ।<br>ਉੱਤਰ :ਸਹੀ |
| 162 | ਪਰਦਿਆਂ ਤੋਂ ਬਿਨਾਂ ਖਿੜਕੀਆਂ ਅਤੇ ਦਰਵਾਜੇ ਠੰਡੇ, ਰੁੱਖੇ ਅਤੇ ਮਹਿਮਾਨਾਂ ਦਾ ਨਾ ਆਦਰ ਕਰਨ ਵਾਲੇ ਲੱਗਦੇ ਹਨ।<br>ਉੱਤਰ :ਸਹੀ |
| 163 | ਚੰਗੇ ਪਲਾਸਟਿਕ ਦਾ ਫਰਨੀਚਰ ਛੇਤੀ ਟੁੱਟ ਜਾਂਦਾ ਹੈ।<br>ਉੱਤਰ :ਗਲਤ |



Ramandeep Kaur
Manpreet Kaur

| | |
|---|---|
| 164 | ਕੇਨ ਦਾ ਫਰਨੀਚਰ ਆਮ ਤੌਰ ਤੇ ਗਾਰਡਨ ਜਾਂ ਲਾਉਜ਼ ਵਿੱਚ ਵਰਤਿਆ ਜਾਂਦਾ ਹੈ।<br>ਉੱਤਰ :ਸਹੀ। |
| 165 | ਪੇਂਟ ਕੀਤੇ ਹੋਏ ਫਰਨੀਚਰ ਨੂੰ ਧੋਇਆ ਨਹੀਂ ਜਾ ਸਕਦਾ।<br>ਉੱਤਰ :ਸਹੀ। |
| 166 | ਲੱਕੜੀ ਦੇ ਫਰਨੀਚਰ ਨੂੰ ਸਿਉਂਕ ਖਰਾਬ ਕਰ ਸਕਦੀ ਹੈ।<br>ਉੱਤਰ :ਸਹੀ |
| | ਬਹੁਵਿਕਲਪੀ ਪ੍ਰਸ਼ਨ |
| 167 | ਘਰ ਦੇ ਅੰਦਰ ਸਜਾਵਟ ਲਈ ਪ੍ਰਯੋਗ ਹੋਣ ਵਾਲੀਆਂ ਵਸਤੂਆਂ ਹਨ।<br>(1)ਫਰਨੀਚਰ, ਪਰਦੇ, ਗਲੀਚੇ (2) ਕੁਸ਼ਨ, ਗੁਲਦਸਤੇ (3) ਸਾਰੇ ਠੀਕ<br>ਉੱਤਰ :ਸਾਰੇ ਠੀਕ |
| 168 | ਫੁੱਲ ਵਿਵਸਥਾ ਦੇ ਮੁੱਖ ਢੰਗ ਹਨ:-<br>(1)ਜਪਾਨੀ (2) ਅਮਰੀਕਨ (3) ਜਪਾਨੀ, ਅਮਰੀਕਨ<br>ਉੱਤਰ :ਜਪਾਨੀ, ਅਮਰੀਕਨ |
| 169 | ਅਮਰੀਕਨ ਢੰਗ ਵਿੱਚ ਕਿੰਨੇ ਰੰਗਾਂ ਦੇ ਫੁੱਲਾਂ ਦਾ ਇੱਕਠੇ ਪ੍ਰਯੋਗ ਕੀਤਾ ਜਾਂਦਾ ਹੈ:<br>(1)ਇੱਕ ਰੰਗ ਦੇ (2) ਦੋ ਰੰਗ ਦੇ (3) ਕਈ ਰੰਗਾਂ ਦੇ<br>ਉੱਤਰ :ਕਈ ਰੰਗਾਂ ਦੇ |
| 170 | ਸਜਾਵਟ ਦੀਆਂ ਸਹਾਇਕ ਚੀਜ਼ਾਂ ਹਨ:<br>(1) ਫੁੱਲ ਅਤੇ ਗੁਲਦਸਤੇ (2) ਚਿੱਤਰ ਅਤੇ ਫੋਟੋਆਂ (3) ਕਿਤਾਬਾਂ, ਟੇਬਲ ਲੈਂਪ (4) ਸਾਰੇ<br>ਉੱਤਰ : ਸਾਰੇ |
| | ਖਾਲੀ ਸਥਾਨ ਭਰੋ |
| 171 | ਸਜਾਵਟ ਕਰਨਾ ਇੱਕ .........................ਕਲਾ ਹੈ।<br>ਉੱਤਰ : ਰਚਨਾਤਮਕ |
| 172 | ਵੱਡਾ ਫਰਨੀਚਰ ........................ ਨਾਲ ਰੱਖੋ।<br>ਉੱਤਰ :ਵੱਡੀ ਦੀਵਾਰ |
| 173 | ਸੌਣ ਦੇ ਕਮਰੇ ਲਈ ਫਰਨੀਚਰ ਵਿੱਚ .....................ਹੀ ਪ੍ਰਮੁੱਖ ਹੁੰਦੇ ਹਨ। |

| | |
|---|---|
| | ਉੱਤਰ :ਪਲੰਘ |
| 174 | ਚਮੜੇ ਦਾ ਫਰਨੀਚਰ ਬਹੁਤ ................ਹੁੰਦਾ ਹੈ।<br>ਉੱਤਰ :ਹੰਡਣਸਾਰ |
| 175 | ਕੁਦਰਤ ਦੀਆਂ ਬਣਾਈਆਂ ਚੀਜ਼ਾਂ ਵਿੱਚੋਂ ..............ਸਭ ਤੋਂ ਸੋਹਣੇ ਅਤੇ ਆਕਰਸ਼ਕ ਲੱਗਦੇ ਹਨ।<br>ਉੱਤਰ :ਫੁੱਲ |
| | ਭਾਗ-ਅ ਪੋਸ਼ਣ ਵਿਗਿਆਨ<br>ਪਾਠ-6 (ਭੋਜਨ ਅਤੇ ਪੋਸ਼ਟਿਕ ਤੱਕ)<br>ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ |
| 176 | ਭੋਜਨ ਕੀ ਹੈ?<br>ਉੱਤਰ :ਠੋਸ ਜਾਂ ਤਰਲ ਜਾਂ ਅਰਧ ਠੋਸ ਪਦਾਰਥ ਜੋ ਖਾਣ, ਪਚਾਉਣ ਅਤੇ ਸ਼ੋਸ਼ਣ ਉਪਰੰਤ ਸਰੀਰ ਨੂੰ ਤ੍ਰਿਪਤ ਕਰੇ ਅਤੇ ਨਿਰੋਗੀ ਰੱਖੇ, ਨੂੰ ਭੋਜਨ ਆਖਦੇ ਹਨ। |
| 177 | ਸਾਡੇ ਸ਼ਰੀਰ ਲਈ ਸਭ ਤੋਂ ਜਰੂਰੀ ਕੀ ਹੈ?<br>ਉੱਤਰ :ਭੋਜਨ |
| 178 | ਭੋਜਨ ਤੋਂ ਸਾਡੇ ਸ਼ਰੀਰ ਨੂੰ ਕੀ ਮਿਲਦਾ ਹੈ?<br>ਉੱਤਰ :ਸ਼ਕਤੀ (ਊਰਜਾ) |
| 179 | ਭੋਜਨ ਦੇ ਪੋਸ਼ਟਿਕ ਤੱਕ ਕਿਹੜੇ ਹਨ?<br>ਉੱਤਰ :ਪ੍ਰੋਟੀਨ, ਕਾਰਬੋਜ਼, ਚਿਕਨਾਈ, ਵਿਟਾਮਿਨ, ਖਣਿਜ ਪਦਾਰਥ, ਪਾਣੀ। |
| 180 | ਸ਼ਰੀਰਕ ਨਿਰਮਾਣ ਕਰਨ ਵਾਲੇ ਕਿਹੜੇ ਭੋਜਨ ਹਨ?<br>ਉੱਤਰ :ਪ੍ਰੋਟੀਨ, ਖਣਿਜ ਪਦਾਰਥ। |
| 181 | ਸ਼ਕਤੀ ਪੈਦਾ ਕਰਨ ਵਾਲੇ ਕਿਹੜੇ ਭੋਜਨ ਹਨ?<br>ਉੱਤਰ :ਕਾਰਬੋਜ਼, ਚਿਕਨਾਈ। |
| 182 | ਰੱਖਿਅਕ ਭੋਜਨ ਕਿਹੜੇ ਹਨ?<br>ਉੱਤਰ :ਵਿਟਾਮਿਨ, ਖਣਿਜ ਪਦਾਰਥ। |
| 183 | ਨਿਯਮਿਤ ਭੋਜਨ ਕਿਹੜੇ ਹਨ? |



Manpreet Kaur
Ramandeep Kaur

| | |
|---|---|
| | ਉੱਤਰ :ਪਾਣੀ, ਫੋਕ। |
| 184 | ਪ੍ਰੋਟੀਨ ਕਿਸ ਤੋਂ ਬਣਦਾ ਹੈ?<br>ਉੱਤਰ :ਕਾਰਬਨ, ਹਾਈਡਰੋਜਨ, ਆਕਸੀਜਨ ਅਤੇ ਨਾਈਟਰੋਜਨ ਦੇ ਮਿਸ਼ਰਨ ਤੋਂ ਬਣਦੀ ਹੈ। |
| 185 | ਅਮੀਨੋ ਐਸਿਡ ਕਿੰਨੇ ਤਰ੍ਹਾਂ ਦੇ ਹੁੰਦੇ ਹਨ?<br>ਉੱਤਰ :ਦੋ ਤਰ੍ਹਾਂ ਦੇ : (1) ਜਰੂਰੀ ਅਮੀਨੋ ਐਸਿਡ (2) ਗੈਰ ਜ਼ਰੂਰੀ ਅਮੀਨੋ ਐਸਿਡ |
| 186 | ਸੰਪੂਰਨ ਪ੍ਰੋਟੀਨ ਕੀ ਹੈ?<br>ਉੱਤਰ :ਜਿਸ ਵਿੱਚ ਸਾਰੇ ਅਮੀਨੋ ਐਸਿਡ ਹੋਣ। |
| 187 | ਭੋਜਨ ਵਿੱਚ ਲਗਾਤਾਰ ਪ੍ਰੋਟੀਨ ਦੀ ਕਮੀ ਹੋਣ ਨਾਲ ਕਿਹੜੀ ਬਿਮਾਰੀ ਹੁੰਦੀ ਹੈ?<br>ਉੱਤਰ :ਕਵਾਸ਼ਿਯਰਕਰ |
| 188 | ਪ੍ਰੋਟੀਨ ਦੇ ਸ੍ਰੋਤ ਦੱਸੋ?<br>ਉੱਤਰ :ਮੀਟ, ਮੁਰਗਾ, ਮੱਛੀ, ਅੰਡੇ, ਦੁੱਧ, ਦਹੀ, ਪਨੀਰ, ਦਾਲਾਂ, ਸੁੱਕੇ ਮੇਵੇ, ਬਦਾਮ, ਮੂੰਗਫਲੀ ਆਦਿ। |
| 189 | ਕਾਰਬੋਜ਼ ਦੇ ਸ੍ਰੋਤ ਕਿਹੜੇ ਹਨ?<br>ਉੱਤਰ : ਕਣਕ, ਚਾਵਲ, ਬਾਜਰਾ, ਮੱਕੀ, ਜਵਾਰ, ਆਲੂ, ਕਚਾਲੂ, ਗੁੜ, ਚੀਨੀ, ਸ਼ਹਿਦ ਆਦਿ। |
| 190 | ਕਾਰਬੋਜ਼ ਦੀ ਕਮੀ ਨਾਲ ਕਿਹੜੀ ਬਿਮਾਰੀ ਹੁੰਦੀ ਹੈ?<br>ਉੱਤਰ :ਮਰਾਸਮਸ |
| 191 | ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਕਿਹੜੇ ਹਨ?<br>ਉੱਤਰ :ਵਿਟਾਮਿਨ ਏ , ਡੀ, ਈ ਅਤੇ ਕੇ। |
| 192 | ਪਾਣੀ ਵਿੱਚ ਘੁਲਣਸ਼ੀਲ ਕਿਹੜੇ ਵਿਟਾਮਿਨ ਹਨ?<br>ਉੱਤਰ :ਬੀ ਗਰੁੱਪ ਵਿਟਾਮਿਨ ਅਤੇ ਵਿਟਾਮਿਨ ਸੀ। |
| 193 | ਵਿਟਾਮਿਨ ਏ ਦੀ ਕਮੀ ਨਾਲ ਕਿਹੜਾ ਰੋਗ ਹੁੰਦਾ ਹੈ।<br>ਉੱਤਰ :ਅੰਧਰਾਤਾ |
| 194 | ਵਿਟਾਮਿਨ ਕੇ ਸ਼ਰੀਰ ਲਈ ਕਿਉਂ ਜ਼ਰੂਰੀ ਹੈ?<br>ਉੱਤਰ :ਖ਼ੂਨ ਦੇ ਜੰਮਣ ਲਈ। |

| | |
|---|---|
| 195 | ਵਿਟਾਮਿਨ ਬੀ ਦਾ ਦੂਜਾ ਨਾਮ ਕੀ ਹੈ?<br>ਉੱਤਰ :ਥਾਇਆਮਿਨ |
| 196 | ਵਿਟਾਮਿਨ ਬੀ ਦਾ ਦੂਜਾ ਨਾਮ ਕੀ ਹੈ?<br>ਉੱਤਰ :ਰਾਈਬੋਫਲੇਵਿਨ |
| 197 | ਵਿਟਾਮਿਨ ਸੀ ਦਾ ਦੂਜਾ ਨਾਮ ਕੀ ਹੈ?<br>ਉੱਤਰ :ਐਸਕੋਰਬਿਕ ਐਸਿਡ। |
| 198 | ਖੱਟੇ ਫਲਾਂ ਵਿੱਚ ਕਿਹੜਾ ਵਿਟਾਮਿਨ ਹੁੰਦਾ ਹੈ?<br>ਉੱਤਰ :ਵਿਟਾਮਿਨ ਸੀ। |
| 199 | ਕੈਲਸ਼ੀਅਮ ਦੇ ਸ੍ਰੋਤ ਕਿਹੜੇ ਹਨ?<br>ਉੱਤਰ :ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ, ਦਾਲਾਂ, ਛੋਲੇ, ਹਰੀਆਂ ਪੱਤੇਦਾਰ ਸਬਜ਼ੀਆਂ। |
| 200 | ਲੋਹੇ ਦੀ ਕਮੀ ਨਾਲ ਕਿਹੜਾ ਰੋਗ ਹੁੰਦਾ ਹੈ?<br>ਉੱਤਰ :ਅਨੀਮੀਆ |
| | ਖਾਲੀ ਸਥਾਨ ਭਰੋ |
| 201 | ਸਾਡੇ ਸ਼ਰੀਰ ਵਿੱਚ ਲਗਭਗ ............................ ਭਾਗ ਪਾਣੀ ਹੁੰਦਾ ਹੈ।<br>ਉੱਤਰ :65% |
| 202 | ਆਇਓਡੀਨ ਦੀ ਘਾਟ ਨਾਲ .......................ਰੋਗ ਹੋ ਜਾਂਦਾ ਹੈ।<br>ਉੱਤਰ :ਗਿਲ੍ਹੜ |
| 203 | ਵਿਟਾਮਿਨ ਸੀ ਦੀ ਘਾਟ ਨਾਲ .............................. ਨਾਂ ਦਾ ਰੋਗ ਹੋ ਜਾਂਦਾ ਹੈ।<br>ਉੱਤਰ : ਸਕੱਰਵੀ |
| 204 | ਥਾਇਆਮਿਨ (ਵਿਟਾਮਿਨ ਬੀ,) ਦੀ ਘਾਟ ਨਾਲ .............................. ਨਾਂ ਦਾ ਰੋਗ ਹੋ ਜਾਂਦਾ ਹੈ।<br>ਉੱਤਰ :ਬੇਰੀ ਬੇਰੀ। |
| 205 | ਕਾਰਬੋਜ਼ ਦੀ ਅਧਿਕਤਾ ਨਾਲ ..............................ਹੋ ਜਾਂਦਾ ਹੈ।<br>ਉੱਤਰ :ਮੋਟਾਪਾ |
| ਸਹੀ/ਗਲਤ ਦੱਸੋ | |



Manpreet Kaur
Ramandeep Kaur

| | |
|---|---|
| 206 | ਇੱਕ ਗ੍ਰਾਮ ਕਾਰਬੋਹਾਈਡ੍ਰੇਟਸ ਤੋਂ 4 ਕੈਲੋਰੀਆਂ ਉਰਜਾ ਮਿਲਦੀ ਹੈ?<br>ਉੱਤਰ :ਸਹੀ |
| 207 | ਇੱਕ ਗ੍ਰਾਮ ਪ੍ਰੋਟੀਨ ਤੋਂ 9 ਕੋਲੈਰੀਆਂ ਉਰਜਾ ਮਿਲਦੀ ਹੈ।<br>ਉੱਤਰ :ਗਲਤ |
| 208 | ਵਿਟਾਮਿਨ ਡੀ ਸੂਰਜ ਦੀ ਰੋਸ਼ਨੀ ਨਾਲ ਸਰੀਰ ਵਿੱਚ ਪੈਦਾ ਹੋ ਜਾਂਦਾ ਹੈ?<br>ਉੱਤਰ :ਸਹੀ |
| 209 | ਵਿਟਾਮਿਨ ਕੇ ਖ਼ੂਨ ਦੇ ਜੰਮਣ ਵਿੱਚ ਸਹਾਇਕ ਨਹੀਂ ਹੈ।<br>ਉੱਤਰ :ਗਲਤ |
| 210 | ਚਰਬੀ ਭੋਜਨ ਨੂੰ ਸੁਆਦ ਬਣਾਉਂਦੀ ਹੈ?<br>ਉੱਤਰ :ਸਹੀ |
| 211 | ਲੋਹਾ ਸਰੀਰ ਵਿੱਚ ਹੀਮੋਗਲੋਬਿਨ ਦਾ ਨਿਰਮਾਣ ਕਰਦਾ ਹੈ।<br>ਉੱਤਰ :ਸਹੀ |
| 212 | ਪਾਣੀ ਸ਼ਰੀਰ ਦਾ ਤਾਪਮਾਨ ਨਿਯਮਤ ਰੱਖਣ ਦਾ ਕੰਮ ਕਰਦਾ ਹੈ।<br>ਉੱਤਰ :ਸਹੀ |
| 213 | ਵਿਟਾਮਿਨ ਈ ਪਾਣੀ ਵਿੱਚ ਘੁਲਣਸ਼ੀਲ ਵਿਟਾਮਿਨ ਹੈ।<br>ਉੱਤਰ :ਗਲਤ |
| 214 | ਵਿਟਾਮਿਨ ਸੀ ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਹੈ।<br>ਉੱਤਰ :ਗਲਤ |
| | |
| 215 | ਸੰਤੁਲਿਤ ਭੋਜਨ ਕੀ ਹੈ?<br>ਉੱਤਰ :ਉਹ ਭੋਜਨ ਜਿਸ ਵਿੱਚ ਸਾਰੇ ਪੋਸ਼ਟਿਕ ਤੱਤ ਲੋੜੀਂਦੀ ਮਾਤਰਾ ਅਤੇ ਅਨੁਪਾਤ ਵਿੱਚ ਮੌਜੂਦ ਹੋਣ, ਨੂੰ ਸੰਤੁਲਿਤ ਭੋਜਨ ਕਹਿੰਦੇ ਹਨ। |
| 216 | ਪੁੰਗਰੀਆਂ ਦਾਲਾਂ ਵਿੱਚ ਕਿਹੜਾ ਵਿਟਾਮਿਨ ਵੱਧ ਜਾਂਦਾ ਹੈ?<br>ਉੱਤਰ :ਵਿਟਾਮਿਨ ਬੀ ਕੰਪਲੈਕਸ ਅਤੇ ਵਿਟਾਮਿਨ ਸੀ। |
| 217 | ਸੰਤੁਲਿਤ ਭੋਜਨ ਦੀ ਮਾਤਰਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਕਿਹੜੇ ਹਨ? |

| | |
|---|---|
| | ਉੱਤਰ :ਮਨੁੱਖ ਦੀ ਉਮਰ, ਲਿੰਗ, ਜਲਵਾਯੂ, ਸਰੀਰਕ ਕੰਮ, ਸਿਹਤ, ਸਰੀਰਿਕ ਅਵਸਥਾ, ਆਰਥਿਕ ਪੱਧਰ ਆਦਿ। |
| 218 | ਸਬਜ਼ੀਆਂ ਅਤੇ ਫਲਾਂ ਦੇ ਛਿਲਕੇ ਕਿਉਂ ਨਹੀਂ ਉਤਾਰਨੇ ਚਾਹੀਦੇ?<br>ਉੱਤਰ :ਇਹਨਾਂ ਦੇ ਨੀਚੇ ਵਿਟਾਮਿਨ ਅਤੇ ਖਣਿਜ ਲੂਣ ਹੁੰਦੇ ਹਨ। |
| 219 | ਮਿੱਠੇ ਸੋਡੇ ਦਾ ਪ੍ਰਯੋਗ ਭੋਜਨ ਪਕਾਉਣ ਲਈ ਕਿਉਂ ਨਹੀਂ ਕਰਨਾ ਚਾਹੀਦਾ?<br>ਉੱਤਰ :ਇਸ ਨਾਲ ਵਿਟਾਮਿਨ ਬੀ ਅਤੇ ਸੀ ਨਸ਼ਟ ਹੋ ਜਾਂਦੇ ਹਨ। |
| 220 | ਸ਼ਾਕਾਹਾਰੀ ਲੋਕਾਂ ਨੂੰ ਪ੍ਰੋਟੀਨ ਕਿੱਥੋਂ ਮਿਲਦਾ ਹੈ?<br>ਉੱਤਰ :ਦੁੱਧ, ਪਨੀਰ, ਦਾਲਾਂ, ਸੋਇਆਬੀਨ ਤੋਂ। |
| ਸਹੀ/ਗਲਤ ਦੱਸੋ | |
| 221 | ਸੋਇਆਬੀਨ ਉੱਤਮ ਦਾਲ ਨਹੀਂ ਹੈ।<br>ਉੱਤਰ :ਗਲਤ |
| 222 | ਦੁੱਧ ਸੰਪੂਰਨ ਭੋਜਨ ਹੈ?<br>ਉੱਤਰ :ਸਹੀ |
| 223 | ਮਿੱਠੇ ਸੋਡੇ ਦੇ ਪ੍ਰਯੋਗ ਨਾਲ ਵਿਟਾਮਿਨ ਨਸ਼ਟ ਹੋ ਜਾਂਦੇ ਹਨ।<br>ਉੱਤਰ :ਸਹੀ |
| 224 | ਅਨਾਜ਼ ਵਿੱਚ ਕਾਰਬੋਜ਼ ਨਹੀਂ ਹੁੰਦਾ।<br>ਉੱਤਰ :ਗਲਤ |
| 225 | ਕਾਰਬੋਜ਼ ਵਿੱਚ ਆਕਸੀਜਨ ਅਤੇ ਹਾਈਡ੍ਰੋਜਨ ਦਾ ਅਨੁਪਾਤ 2:1 ਹੁੰਦਾ ਹੈ।<br>ਉੱਤਰ :ਸਹੀ |
| 226 | ਦਾਲਾਂ ਪ੍ਰੋਟੀਨ ਦਾ ਸ੍ਰੋਤ ਹਨ।<br>ਉੱਤਰ :ਸਹੀ |
| 227 | ਸੰਤੁਲਿਤ ਭੋਜਨ ਲੈਣ ਲਈ ਸਾਨੂੰ ਵੱਖ-ਵੱਖ ਖਾਥ ਪਦਾਰਥ ਆਪਣੀ ਖੁਰਾਕ ਵਿੱਚ ਸ਼ਾਮਿਲ ਕਰਨੇ ਚਾਹੀਦੇ ਹਨ।<br>ਉੱਤਰ :ਸਹੀ |



Manpreet Kaur
Ramandeep Kaur

| ਖਾਲੀ ਸਥਾਨ ਭਰੋ | |
|---|---|
| 228 | ਹਲਕਾ ਕੰਮ ਕਰਨ ਵਾਲੇ ਵਿਅਕਤੀਆਂ ਨੂੰ ................................ਕੈਲੋਰੀਆਂ ਦੀ ਲੋੜ ਪੈਂਦੀ ਹੈ।<br>ਉੱਤਰ :ਘੱਟ। |
| 229 | ਭਾਰਾ ਅਤੇ ਕਠਿਨ ਕੰਮ ਕਰਨ ਵਾਲੇ ਵਿਅਕਤੀਆਂ ਨੂੰ ................................ਕੈਲੋਰੀਆਂ ਦੀ ਲੋੜ ਪੈਂਦੀ ਹੈ।<br>ਉੱਤਰ :ਜ਼ਿਆਦਾ। |
| 230 | ................................ਅਤੇ ................................ਨੂੰ ਵੀ ਜ਼ਿਆਦਾ ਕੈਲੋਰੀਆਂ ਵਾਲੀ ਖੁਰਾਕ ਦੀ ਲੋੜ ਹੁੰਦੀ ਹੈ।<br>ਉੱਤਰ :ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ। |
| 231 | ਪੀਲੇ ਰੰਗ ਦੇ ਫਲਾਂ ਵਿੱਚ ਵਿਟਾਮਿਨ ................................ਦੀ ਮਾਤਰਾ ਕਾਫ਼ੀ ਹੁੰਦੀ ਹੈ।<br>ਉੱਤਰ :ਏ |
| 232 | ਦੁੱਧ ਵਿੱਚ ................................ਤੋਂ ਬਿਨਾਂ ਸਾਰੇ ਤੱਤ ਪੂਰਨ ਮਾਤਰਾ ਵਿੱਚ ਪਾਏ ਜਾਂਦੇ ਹਨ।<br>ਉੱਤਰ :ਲੋਹਾ ਅਤੇ ਵਿਟਾਮਿਨ ਸੀ |
| ਭਾਗ-ੲ ਬਾਲ ਵਿਕਾਸ ਅਤੇ ਪਰਿਵਾਰਿਕ ਸਬੰਧ<br>ਪਾਠ-8 (ਪਰਿਵਾਰ)<br>ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ | |
| 233 | ਸਮਾਜ ਦੀ ਮੂਲ ਇਕਾਈ ਕੀ ਹੈ?<br>ਉੱਤਰ :ਪਰਿਵਾਰ |
| 234 | ਪਰਿਵਾਰ ਕਿੰਨੀ ਕਿਸਮ ਦੇ ਹਨ?<br>ਉੱਤਰ :ਦੋ (1) ਸੰਯੁਕਤ ਪਰਿਵਾਰ (2) ਇਕਾਈ ਪਰਿਵਾਰ |
| 235 | ਇਕਾਈ ਪਰਿਵਾਰ ਵਿੱਚ ਕੋਣ-ਕੋਣ ਰਹਿੰਦਾ ਹੈ?<br>ਉੱਤਰ :ਮਾਂ, ਬਾਪ ਅਤੇ ਉਹਨਾਂ ਦੀ ਸੰਤਾਨ। |
| 236 | ਸੰਯੁਕਤ ਪਰਿਵਾਰ ਵਿੱਚ ਕੋਣ ਕੋਣ ਰਹਿੰਦਾ ਹੈ? |

| | |
|---|---|
| | ਉੱਤਰ :ਮਾਂ, ਬਾਪ, ਉਹਨਾਂ ਦੇ ਬੱਚੇ ਅਤੇ ਦੂਰ ਨੇੜੇ ਦੇ ਰਿਸ਼ਤੇਦਾਰ ਅਤੇ ਸਾਕ ਸਬੰਧੀ। |
| 237 | ਇਕਾਈ ਪਰਿਵਾਰ ਦਾ ਦੂਜਾ ਨਾਮ ਕੀ ਹੈ?<br>ਉੱਤਰ :ਛੋਟਾ ਪਰਿਵਾਰ |
| 238 | ਇਕਾਈ ਪਰਿਵਾਰ ਦਾ ਦੂਜਾ ਨਾਮ ਕੀ ਹੈ?<br>ਉੱਤਰ :ਛੋਟਾ ਪਰਿਵਾਰ |
| 239 | ਇਕਾਈ ਪਰਿਵਾਰ ਦੇ ਦੋ ਲਾਭ ਦੱਸੋ?<br>ਉੱਤਰ : (1) ਆਪਸੀ ਪਿਆਰ (2) ਬੱਚਿਆਂ ਵਿੱਚ ਆਤਮ ਵਿਸ਼ਵਾਸ |
| 240 | ਸੰਯੁਕਤ ਪਰਿਵਾਰ ਦੇ ਦੋ ਲਾਭ ਦੱਸੋ?<br>ਉੱਤਰ : (1) ਘੱਟ ਖਰਚ (2) ਆਰਥਿਕ ਸੁਰੱਖਿਆ |
| 241 | ਬੱਚਿਆਂ ਵਿੱਚ ਫਾਸਲਾ ਰੱਖਣ ਦੇ ਦੋ ਲਾਭ ਦੱਸੋ?<br>ਉੱਤਰ : (1) ਬੱਚਿਆਂ ਦੀ ਸਹੀ ਦੇਖਭਾਲ (2) ਮਨੋਰੰਜਨ ਦੀ ਪੂਰਤੀ। |
| 242 | ਗਰਭ ਸਮੇਂ ਮਾਂ ਨੂੰ ਕਿਸ ਪ੍ਰਕਾਰ ਦਾ ਭੋਜਨ ਚਾਹੀਦਾ ਹੁੰਦਾ ਹੈ?<br>ਉੱਤਰ :ਚੰਗਾ ਭੋਜਨ ਜਿਸ ਵਿੱਚ ਪ੍ਰੋਟੀਨ, ਕੈਲਸ਼ੀਅਮ ਅਤੇ ਲੋਹੇ ਦੀ ਉੱਚਿਤ ਮਾਤਰਾ ਹੋਵੇ। |
| 243 | ਸੰਯੁਕਤ ਪਰਿਵਾਰ ਵਿੱਚ ਕੰਮ ਕੌਣ ਕਰਦਾ ਹੈ?<br>ਉੱਤਰ :ਸਾਰੇ ਮੈਂਬਰ ਵੰਡ ਕੇ ਕੰਮ ਕਰਦੇ ਹਨ। |
| ਸਹੀ ਗਲਤ ਦੱਸੋ | |
| 244 | ਪਰਿਵਾਰ ਸਮਾਜ ਦੀ ਬਣਤਰ ਦਾ ਆਧਾਰ ਹੈ?<br>ਉੱਤਰ :ਸਹੀ। |
| 245 | ਪਰਿਵਾਰ ਦੀਆਂ ਚਾਰ ਕਿਸਮਾਂ ਹਨ?<br>ਉੱਤਰ :ਗਲਤ |
| 246 | ਦੋ ਵਿਅਕਤੀਆਂ ਦੇ ਵਿਆਹ ਤੋਂ ਨਵਾ ਪਰਿਵਾਰ ਸ਼ੁਰੂ ਹੁੰਦਾ ਹੈ?<br>ਉੱਤਰ :ਸਹੀ |
| 247 | ਬੱਚਿਆਂ ਦੀ ਉਮਰ ਵਿੱਚ $2\frac{1}{2}$ ਤੋਂ 3 ਸਾਲ ਦਾ ਫਾਸਲਾ ਹੋਣਾ ਜਰੂਰੀ ਹੈ।<br>ਉੱਤਰ :ਸਹੀ। |
| 248 | ਪਰਿਵਾਰ ਬੱਚੇ ਦਾ ਮੁੱਢਲਾ ਸਕੂਲ ਨਹੀਂ ਹੈ। |



Mapreet Kaur
Ramandeep Kaur

| | |
|---|---|
| | ਉੱਤਰ :ਗਲਤ। |
| | ਬਹੁਵਿਕਪਲੀ ਪ੍ਰਸ਼ਨ |
| 249 | ਪਰਿਵਾਰ ਦਾ ਮੁਖੀਆ ਕੌਣ ਹੁੰਦਾ ਹੈ?<br>(1)ਮਾਂ (2) ਪਿਤਾ (3) ਪੁੱਤਰ<br>ਉੱਤਰ : ਪਿਤਾ |
| 250 | ਪਰਿਵਾਰ ਦਾ ਸਭ ਤੋਂ ਮਹੱਤਵਪੂਰਨ ਅੰਗ ਕਿਹੜਾ ਹੈ:<br>(1)ਮਾਂ (2) ਬੱਚੇ (3) ਪਿਤਾ<br>ਉੱਤਰ : ਮਾਂ |
| 251 | ਛੋਟਾ ਪਰਿਵਾਰ ਕਿਹੜਾ ਹੈ?<br>(1)ਸੰਯੁਕਤ ਪਰਿਵਾਰ (2) ਇਕਾਈ ਪਰਿਵਾਰ (3) ਦੋਨੇ ਪਰਿਵਾਰ<br>ਉੱਤਰ :ਇਕਾਈ ਪਰਿਵਾਰ |
| | ਪਾਠ-9 (ਗਰਭ ਅਵਸਥਾ) |
| ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ | |
| 252 | ਗਰਭ ਅਵਸਥਾ ਆਮ ਤੌਰ ਤੇ ਕਿੰਨੇ ਦਿਨਾਂ ਦੀ ਹੁੰਦੀ ਹੈ?<br>ਉੱਤਰ : 190 ਤੋਂ 330 ਦਿਨਾਂ ਦੀ |
| 253 | ਗਰਭ ਅਵਸਥਾ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ : ਤਿੰਨ ਭਾਗਾਂ ਵਿੱਚ। |
| 254 | ਗਰਭ ਅਵਸਥਾ ਦੇ ਤਿੰਨ ਭਾਗਾਂ ਦੇ ਨਾਮ ਦੱਸੋ?<br>ਉੱਤਰ : (1) ਅੰਡੇ ਦੀ ਅਵਸਥਾ (2) ਐਮਬਰੀਓ ਦੀ ਅਵਸਥਾ (3) ਭਰੂਣ ਦੀ ਅਵਸਥਾ |
| 255 | ਅੰਡੇ ਦੀ ਅਵਸਥਾ ਕਿੰਨੇ ਸਮੇਂ ਦੀ ਹੁੰਦੀ ਹੈ?<br>ਉੱਤਰ : ਗਰਭ ਸ਼ੁਰੂ ਹੋਣ ਤੋਂ ਦੋ ਹਫਤੇ ਤੱਕ ਦੀ। |
| 256 | ਐਮਬਰੀਓ ਦੀ ਅਵਸਥਾ ਕਿੰਨ ਸਮੇਂ ਦੀ ਹੁੰਦੀ ਹੈ?<br>ਉੱਤਰ : ਦੂਸਰੇ ਹਫਤੇ ਤੋਂ ਸ਼ੁਰੂ ਹੋ ਕੇ ਦੂਸਰੇ ਮਹੀਨੇ ਦੇ ਅੰਤ ਤੱਕ। |
| 257 | ਭਰੂਣ ਅਵਸਥਾ ਕਿੰਨੀ ਦੇਰ ਦੀ ਹੁੰਦੀ ਹੈ?<br>ਉੱਤਰ : ਤੀਸਰੇ ਮਹੀਨੇ ਤੋਂ ਸ਼ੁਰੂ ਹੋ ਕੇ ਜਨਮ ਤਕ। |

| | |
|---|---|
| | ਸਹੀ/ਗਲਤ ਦੱਸੋ |
| 258 | ਨਾੜੂ ਦੀ ਲੰਬਾਈ 10 ਤੋਂ 20 ਇੰਚ ਤੱਕ ਹੁੰਦੀ ਹੈ।<br>ਉੱਤਰ :ਸਹੀ। |
| 259 | ਐਮਨੀਓਟਿਕ ਸੈਕ ਵਿਚਲਾ ਤਰਲ ਪਦਾਰਥ ਬਚੇ ਨੂੰ ਸੱਟ ਲਗਣ ਤੋਂ ਬਚਾਉਂਦਾ ਹੈ।<br>ਉੱਤਰ :ਸਹੀ। |
| 260 | ਤੀਸਰੇ ਮਹੀਨੇ ਤਕ ਭਰੂਣ ਦੀ ਲੰਬਾਈ 8 ਇੰਚ ਹੋ ਜਾਂਦੀ ਹੈ।<br>ਉੱਤਰ :ਗਲਤ। |
| 261 | ਗਰਭ ਅਵਸਥਾ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ?<br>ਉੱਤਰ :ਗਲਤ। |
| 262 | ਮਾਂ ਦੀ ਸਿਹਤ ਦਾ ਭਰੂਣ ਦੇ ਵਾਧੇ ਨਾਲ ਸਿੱਧਾ ਸਬੰਧ ਹੈ?<br>ਉੱਤਰ :ਸਹੀ। |
| | ਬਹੁ ਵਿਕਲਪੀ ਪ੍ਰਸ਼ਨ |
| 263 | ਨਾੜੂ ਦੀ ਲੰਬਾਈ ਕਿੰਨੀ ਹੁੰਦੀ ਹੈ?<br>(1)5 ਤੋਂ 10 ਇੰਚ (2) 10 ਤੋਂ 20 ਇੰਚ (3) ਮਾਂ ਦੀ ਸਿਹਤ (4) ਉਪਰੋਕਤ ਸਾਰੇ<br>ਉੱਤਰ :10 ਤੋਂ 20 ਇੰਚ |
| 264 | ਭਰੂਣ ਦੇ ਵਾਧੇ ਤੇ ਅਸਰ ਪਾਉਣ ਵਾਲੇ ਕਾਰਕ ਹਨ<br>(1)ਮਾਂ ਦਾ ਪੋਸ਼ਣ (2) ਮਾਂ ਬਾਪ ਦੀ ਉਮਰ (3) ਮਾਂ ਦੀ ਸਿਹਤ (4) ਉਪਰੋਕਤ ਸਾਰੇ<br>ਉੱਤਰ : ਉਪਰੋਕਤ ਸਾਰੇ। |
| 265 | ਗਰਭਵਤੀ ਹੋਣ ਦਾ ਸਭ ਤੋਂ ਪਹਿਲਾ ਚਿੰਨ ਹੈ<br>(1)ਦਿਲ ਮਚਲਾਣਾ (2) ਬਾਰ ਬਾਰ ਪਿਸ਼ਾਬ ਆਉਣਾ (3) ਮਹਾਵਾਰੀ ਦਾ ਬੰਦ ਹੋਣਾ<br>ਉੱਤਰ : ਮਹਾਵਾਰੀ ਦਾ ਬੰਦ ਹੋਣਾ। |
| | ਭਾਗ (ਸ) ਵਸਤਰ ਵਿਗਿਆਨ<br>ਪਾਠ-10 (ਰੇਸ਼ਿਆਂ ਦਾ ਵਰਗੀਕਰਨ)<br>ਇੱਕ ਸ਼ਬਦ ਤੋਂ 1 ਵਾਕ ਦੇ ਉੱਤਰਾਂ ਵਾਲੇ ਪ੍ਰਸ਼ਨ |
| 266 | ਕੱਪੜੇ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਹੈ? |



Mapreet kaur
Ramandeep kaur

| | |
|---|---|
| | ਉੱਤਰ :ਰੇਸ਼ੇ । |
| 267 | ਲੰਬਾਈ ਅਨੁਸਾਰ ਰੇਸ਼ਿਆਂ ਨੂੰ ਕਿੰਨੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ?<br>ਦੋ ਸ਼੍ਰੇਣੀਆਂ<br>ਉੱਤਰ : (1) ਸਟੇਪਲ ਰੇਸ਼ਿਆਂ (2) ਫਿਲਾਮੈਂਟ ਰੇਸ਼ੇ । |
| 268 | ਸਟੇਪਲ ਰੇਸ਼ਿਆਂ ਦੀਆਂ ਉਦਾਹਰਣ ਦਿਉ?<br>ਉੱਤਰ :ਸੂਤੀ, ਸਣ, ਪਟਸਨ, ਊਨੀ ਆਦਿ। |
| 269 | ਫਿਲਾਮੈਂਟ ਰੇਸ਼ੇ ਦੀਆਂ ਉਦਾਹਰਣ ਦਿਉ?<br>ਉੱਤਰ :ਸਿਲਕ, ਰੇਔਨ, ਨਾਈਲੋਨ, ਪੋਲੀਐਸਟਰ ਆਦਿ। |
| 270 | ਪ੍ਰਾਪਤੀ ਦੇ ਸਾਧਨ ਅਨੁਸਾਰ ਰੇਸ਼ਿਆਂ ਦੀਆਂ ਕਿੰਨੀਆਂ ਕਿਸਮਾਂ ਹਨ?<br>ਉੱਤਰ :ਦੋ ਕਿਸਮਾਂ (1) ਕੁਦਰਤੀ ਰੇਸ਼ੇ (2) ਬਣਾਉਟੀ ਰੇਸ਼ੇ। |
| 271 | ਰੇਸ਼ੇ ਤੋਂ ਕੱਪੜਾ ਬਣਾਉਣ ਲਈ ਕਿਹੜੇ ਮੂਲ ਗੁਣ ਹੋਣੇ ਜਰੂਰੀ ਹਨ?<br>ਉੱਤਰ :ਪੰਜ ਮੂਲ ਗੁਣ (1) ਲੰਬਾਈ (2) ਮਜਬੂਤੀ (3) ਲਚਕੀਲਾਪਨ (4) ਇਕਸਾਰਤਾ (5) ਜੁੜਨ ਸ਼ਕਤੀ। |
| 272 | ਛੋਟੇ ਜਾਂ ਸਟੇਪਲ ਰੇਸ਼ੇ ਦੀ ਲੰਬਾਈ ਕਿੰਨੀ ਹੁੰਦੀ ਹੈ?<br>ਉੱਤਰ :1.4 ਤੋਂ 18 ਇੰਚ |
| 273 | ਲਿਨਨ ਦਾ ਰੇਸ਼ਾ ਕਿੱਥੋਂ ਪ੍ਰਾਪਤ ਹੁੰਦਾ ਹੈ?<br>ਉੱਤਰ :ਫਲੈਕਸ ਪੌਦੇ ਦੇ ਤਣੇ ਅਤੇ ਟਾਹਣੀਆਂ ਤੋਂ। |
| 274 | ਰੇਸ਼ਮ ਦਾ ਰੇਸ਼ਾ ਕਿੱਥੋਂ ਪ੍ਰਾਪਤ ਹੁੰਦਾ ਹੈ?<br>ਉੱਤਰ :ਸਿਲਕ ਦੇ ਕੀੜੇ ਦੇ ਲਾਰਵੇ ਦੀ ਲਾਰ ਤੋਂ। |
| | ਖਾਲੀ ਸਥਾਨ ਭਰੋ। |
| 275 | ਸਿਲਕ ਕੁਦਰਤੀ ਰੂਪ ਵਿੱਚ ਮਿਲਣ ਵਾਲਾ ਇੱਕੋ ਇੱਕ ------------- ਹੈ।<br>ਉੱਤਰ :ਰੇਸ਼ਾ |
| 276 | ਸਿਲਕ ਨੂੰ ਕੱਪੜਿਆਂ ਦੀ --------------ਕਿਹਾ ਜਾਂਦਾ ਹੈ।<br>ਉੱਤਰ :ਰਾਣੀ । |
| 277 | ਮਨੁੱਖ ਦੁਆਰਾ ਬਣਾਉਟੀ ਢੰਗਾਂ ਨਾਲ ਰਸਾਇਣਿਕ ਪਦਾਰਥਾਂ ਤੋਂ ਬਣਾਏ ਰੇਸ਼ੇ ਹਨ। |

| | |
|---|---|
| | ਉੱਤਰ :ਥਰਮੋਪਲਾਸਟਿਕ ਰੇਸ਼ੇ। |
| ਸਹੀ/ਗਲਤ ਦੱਸੋ | |
| 278 | ਨਾਰੀਅਲ ਦੇ ਰੇਸ਼ੇ ਨਾਰੀਅਲ ਦੇ ਬੀਜ ਦੇ ਛਿਲੱਕੇ ਤੋਂ ਪ੍ਰਾਪਤ ਕੀਤੇ ਜਾਂਦੇ ਹਨ।<br>ਉੱਤਰ :ਸਹੀ। |
| 279 | ਪਿੰਨਾ ਰੇਸ਼ਾ ਅਨਾਨਾਸ ਦੇ ਬੂਟੇ ਦੇ ਪੱਤਿਆਂ ਤੋਂ ਮਿਲਦਾ ਹੈ।<br>ਉੱਤਰ :ਸਹੀ। |
| 280 | ਸੂਤ ਦਾ ਰੇਸ਼ਾ ਕਪਾਹ ਦੇ ਪੌਦੇ ਤੋਂ ਨਹੀਂ ਮਿਲਦਾ।<br>ਉੱਤਰ :ਗਲਤ। |
| 281 | ਨਾਈਲੋਨ ਇੱਕ ਕੁਦਰਤੀ ਰੇਸ਼ਾ ਹੈ।<br>ਉੱਤਰ :ਗਲਤ। |
| ਇੱਕ ਤੋਂ ਦੋ ਲਾਈਨਾਂ ਦੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ<br>ਪਾਠ-1 ਗ੍ਰਹਿ ਵਿਗਿਆਨ ਅਤੇ ਚੰਗਾ ਪ੍ਰਬੰਧ) | |
| 282 | ਗ੍ਰਹਿ ਵਿਵਸਥਾ ਦੀ ਪਰਿਭਾਸ਼ਾ ਲਿਖੋ।<br>ਉੱਤਰ :ਚੰਗੀ ਗ੍ਰਹਿ ਵਿਵਸਥਾ ਸੁਖੀ ਅਤੇ ਖੁਸ਼ੀਆਂ ਖੇੜਿਆਂ ਭਰਪੂਰ ਜੀਵਨ ਦਾ ਅਧਾਰ ਹੈ। ਪਰਿਵਾਰ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਪਰਿਵਾਰਿਕ ਸਾਧਨਾਂ ਨੂੰ ਯੋਜਨਾ ਬੱਧ ਅਤੇ ਸੰਗਠਿਤ ਕਰਕੇ ਅਮਲ ਵਿੱਚ ਲਿਆਉਣ ਦਾ ਨਾਂ ਹੈ। |
| 283 | ਘਰ ਅਤੇ ਮਕਾਨ ਵਿੱਚ ਕੀ ਅੰਤਰ ਹੈ?<br>ਉੱਤਰ :ਮਕਾਨ ਤਾਂ ਮਿੱਟੀ, ਗਾਰੇ, ਸੀਮਿੰਟ, ਇੱਟਾਂ, ਪੱਥਰ, ਚੂਨੇ ਆਦਿ ਨਾਲ ਬਣਿਆ ਇੱਕ ਢਾਚਾ ਹੁੰਦਾ ਹੈ ਪਰ ਘਰ ਮਕਾਨ ਵਾਂਗ ਕੋਈ ਬੇਜਾਨ ਚੀਜ ਨਹੀਂ ਸਗੋਂ ਇਸ ਵਿੱਚ ਧੜਕਦੀ ਰੂਹ ਹੈ ਜੋ ਸਾਡੀ ਆਸ਼ਾਵਾਂ ਅਤੇ ਉਮੰਗਾਂ ਦੀ ਪ੍ਰਤੀਕ ਹੁੰਦੀ ਹੈ। |
| 284 | ਪਰਿਵਾਰ ਦੇ ਸਾਧਨਾਂ ਨੂੰ ਕਿਹੜੇ ਦੋ ਮੁੱਖ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਪਰਿਵਾਰ ਦੇ ਸਾਧਨਾਂ ਨੂੰ ਮੁੱਖ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:-<br>(1)ਮਨੁੱਖੀ ਸਾਧਨ ਇਹਨਾਂ ਵਿੱਚ ਆਦਮੀ ਦੀ ਕੰਮ ਕਰਨ ਸੰਬੰਧੀ , ਰੁਚੀ ਅਤੇ ਕੁਸ਼ਲਤਾ ਆਉਂਦੀ ਹੈ।<br>(2) ਗੈਰ ਮਨੁੱਖੀ ਸਾਧਨ -ਸਮਾਂ,ਪੈਸਾ ਅਤੇ ਘਰ –ਵੱਚ ਵਰ-ਤਆਂ ਜਾਣ ਵਾਲਾ |

| | |
|---|---|
| | ਸਮਾਨ ਗੈਰ ਮਨੁੱਖੀ ਸਾਧਨ ਹਨ। |
| 285 | ਵਿਅਕਤੀ ਦੀ ਯੋਗਤਾ ਅਤੇ ਰੁਚੀ ਕਿਹੜੇ ਸਾਧਨ ਹਨ।<br>ਉੱਤਰ :ਵਿਅਕਤੀ ਦੀ ਯੋਗਤਾ ਅਤੇ ਰੁਚੀ ਮਨੁੱਖੀ ਸਾਧਨ ਹਨ ਕਿਉਂਕਿ ਇਹ ਮਨੁੱਖ ਦੇ ਆਪਣੇ ਹਨ ਅਤੇ ਉਸਦੇ ਕੋਲ ਹਨ, -ਇਹਨ੍ਹਾਂ ਦੀ ਅਣਹੋਂਦ ਵਿੱਚ ਕਿਸੇ ਵੀ ਭੌਤਿਕ ਸਾਧਨ ਦੀ ਯੋਗ ਵਰਤੋਂ ਅਸੰਭਵ ਹੈ। |
| 286 | ਛੋਟੇ ਅਰਸੇ ਦੇ ਟੀਚੇ ਕੀ ਹਨ<br>ਉੱਤਰ :ਛੋਟੇ ਅਰਸੇ ਦੇ ਟੀਚੇ ਉਹ ਹਨ ਜੋ ਹਰ ਰੋਜ਼ ਦੀ ਜਿੰਦਗੀ ਲਈ ਮਿੱਥੇ ਜਾਂਦੇ ਹਨ – ਜਿਵੇਂ ਬੱਚਿਆਂ ਨੂੰ ਸਮੇਂ ਸਿਰ ਸਕੂਲ ਭੇਜਣਾ, ਰੋਜ਼ –ਡਿਊਟੀ ਤੇ ਜਾਣਾ। |
| 287 | ਲੰਬੇ ਅਰਸੇ ਦੇ ਟੀਚੇ ਕੀ ਹਨ ।<br>ਉੱਤਰ :ਲੰਬੇ ਅਰਸੇ ਦੇ ਟੀਚੇ ਉਹ ਹਨ –ਜਿਹੜੇ ਕਾਫੀ ਲੰਬੇ ਸਮੇਂ ਦੀ ਮਿਹਨਤ ਤੋਂ ਬਾਅਦ ਪ੍ਰਾਪਤ ਹੁੰਦੇ ਹਨ –ਜਿਵੇਂ ਬੱਚੇ ਨੂੰ ਡਾਕਟਰ ਜਾਂ ਇੰਜੀਨੀਅਰ ਬਣਾਉਣਾ ਜਾਂ ਘਰ ਬਣਾਉਣਾ ਆਦਿ । |
| 288 | ਚੰਗੇ ਗ੍ਰਹਿ ਪ੍ਰਬੰਧਕ ਵਿੱਚ ਕੰਮ ਕਰਨ ਦਾ ਉਤਸ਼ਾਹ ਹੋਣਾ ਕਿਉਂ ਜ਼ਰੂਰੀ ਹੈ।<br>ਉੱਤਰ :ਗ੍ਰਹਿਣੀ ਨੂੰ ਆਪਣੇ ਘਰ ਦੇ ਸਾਰੇ ਕੰਮ ਕਰਨ ਦਾ ਚਾਅ ਹੋਣਾ ਚਾਹੀਦਾ ਹੈ ਕਿਉਕਿ ਇਸ ਤਰ੍ਹਾਂ ਉਹ ਘਰ ਦੇ ਬਾਕੀ ਮੈਂਬਰਾਂ ਵਿੱਚ ਉਤਸ਼ਾਹ ਪੈਦਾ ਕਰ ਸਕਦੀ ਹੈ। |
| 289 | ਚੰਗੇ ਪ੍ਰਬੰਧਕ ਨੂੰ ਗ੍ਰਹਿ ਵਿਵਸਥਾ ਦੀ ਜਾਣਕਾਰੀ ਕਿਉਂ ਜਰੂਰੀ ਹੈ?<br>ਉੱਤਰ :ਗ੍ਰਹਿ ਵਿਵਸਥਾ ਦੀ ਪੂਰੀ ਜਾਣਕਾਰੀ ਨਾਲ ਹੀ ਇੱਕ ਪ੍ਰਬੰਧਕ ਘਰ ਦੇ ਸਾਰੇ ਵਸੀਲਿਆਂ (ਸਾਧਨਾਂ) ਨੂੰ ਸਹੀ ਢੰਗ ਨਾਲ ਸਮਝ ਕੇ ਪਰਿਵਾਰ ਦੀਆਂ ਜਰੂਰਤਾਂ ਦੀ ਪੂਰਤੀ ਕਰ ਸਕਦਾ ਹੈ। |
| 290 | ਗ੍ਰਹਿ ਵਿਵਸਥਾ ਦੀ ਲੋੜ ਕਿਉਂ ਪੈਂਦੀ ਹੈ?<br>ਉੱਤਰ :ਗ੍ਰਹਿ ਵਿਵਸਥਾ ਪਰਿਵਾਰਿਕ ਜੀਵਨ ਨੂੰ ਸੁਖੀ, ਖੁਸ਼ਹਾਲ ਅਤੇ ਹਰ ਪੱਖੋਂ ਉੱਨਤ ਬਣਾ ਸਕਦੀ ਹੈ। ਗ੍ਰਹਿ ਵਿਵਸਥਾ ਅਸਲ ਵਿੱਚ ਗ੍ਰਹਿ ਵਿਗਿਆਨ ਦਾ ਆਧਾਰ ਹੈ। |
| 291 | ਸਮਾਂ ਅਤੇ ਸ਼ਕਤੀ ਕਿਹੜੇ ਸਾਧਨ ਹਨ?<br>ਉੱਤਰ :ਸਮਾਂ ਅਤੇ ਸ਼ਕਤੀ ਦੋਨੋਂ ਭੌਤਿਕ ਸਾਧਨ ਹਨ। ਹਰ ਵਿਅਕਤੀ ਕੋਲ ਰੋਜ ਚੌਵੀ ਘੰਟੇ ਦਾ ਸਮਾਂ ਹੁੰਦਾ ਹੈ ਜਦਕਿ ਸ਼ਕਤੀ ਹਰ ਇੱਕ ਕੋਲ ਵੱਖ ਵੱਖ ਹੁੰਦੀ ਹੈ। |

| | |
|---|---|
| 292 | ਟੀਚਿਆਂ ਤੋਂ ਕੀ ਭਾਵ ਹੈ,<br>ਉੱਤਰ :ਟੀਚੇ ਪਰਿਵਾਰ ਦੇ ਮੈਂਬਰਾਂ ਦੇ ਉਹ ਕਾਰਜ ਹੁੰਦੇ ਹਨ ਜਿਨ੍ਹਾਂ ਨੇ ਉਹਨਾਂ ਨੇ ਇਕਲਿਆਂ ਜਾਂ ਰਲ ਕੇ ਕਰਨਾ ਹੁੰਦਾ ਹੈ। ਹਰ ਪਰਿਵਾਰ ਨੇ ਕੁਝ ਨਾ ਕੁਝ ਟੀਚੇ ਜ਼ਰੂਰ ਮਿੱਥੇ ਹੁੰਦੇ ਹਨ। |
| 293 | ਗ੍ਰਹਿ ਵਿਵਸਥਾ ਨਾਲ ਗ੍ਰਹਿਣੀ ਸਮੇਂ ਦਾ ਠੀਕ ਉਪਯੋਗ ਕਿਵੇਂ ਕਰਦੀ ਹੈ?<br>ਉੱਤਰ :ਵਧੀਆ ਗ੍ਰਹਿਣੀ ਘਰ ਦੇ ਸਾਰੇ ਕੰਮਾਂ ਨੂੰ ਯੋਜਨਾ ਬੱਧ ਢੰਗ ਨਾਲ ਕਰਦੀ ਹੈ। ਉਹ ਕੰਮ ਕਰਨ ਲਈ ਇੱਕ ਸਮਾਂ ਸਾਰਣੀ ਬਣਾਉਂਦੀ ਹੈ ਅਤੇ ਸਾਰੇ ਮੈਂਬਰਾਂ ਨੂੰ ਇਸ ਸਾਰਨੀ ਅਨੁਸਾਰ ਕੰਮ ਕਰਨ ਲਈ ਪ੍ਰੇਰਦੀ ਹੈ। |
| | ਪਾਠ-2 (ਘਰ) |
| 294 | ਘਰ ਦੀ ਲੋੜ ਦੇ ਦੋ ਮੁੱਖ ਕਾਰਨ ਦੱਸੋ?<br>ਉੱਤਰ : (1) ਘਰ ਦੀ ਚਾਰਦੀਵਾਰੀ ਵਿੱਚ ਰਹਿ ਕੇ ਅਸੀਂ ਧੁੱਪ, ਮੀਂਹ, ਸਰਦੀ, ਚੋਰਾਂ ਅਤੇ ਜੰਗਲੀ ਜਾਨਵਰਾਂ ਤੋਂ ਸੁੱਰਖਿਅਤ ਮਹਿਸੂਸ ਕਰਦੇ ਹਾਂ।<br>(2) ਮਨੁੱਖ ਦੀ ਸਿੱਖਿਆ ਘਰ ਤੋਂ ਆਰੰਭ ਹੁੰਦੀ ਹੈ। |
| 295 | ਘਰ ਵਿੱਚ ਹਵਾ ਦੀ ਆਵਾਜਾਈ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਘਰ ਵਿੱਚ ਹਵਾ ਦੀ ਆਵਾਜਾਈ ਦਾ ਅਰਥ ਹੈ ਕਿ ਤਾਜ਼ੀ ਹਵਾ ਘਰ ਦੇ ਅੰਦਰ ਆ ਸਕੇ ਅਤੇ ਗੰਦੀ ਹਵਾ ਘਰ ਵਿੱਚੋਂ ਬਾਹਰ ਨਿਕਲ ਸਕੇ। |
| 296 | ਘਰ ਬਣਾਉਣ ਲਈ ਕਿਹੋ ਜਿਹੀ ਭੂਮੀ ਚਾਹੀਦੀ ਹੈ?<br>ਉੱਤਰ :ਘਰ ਬਣਾਉਣ ਲਈ ਸਖਤ ਅਤੇ ਪੱਧਰੀ ਭੂਮੀ ਚਾਹੀਦੀ ਹੈ। ਰੇਲਵੇ, ਟੋਇਆਂ ਅਤੇ ਨੀਵੀਂ ਥਾਂ ਵਾਲੀ ਭੂਮੀ ਤੇ ਘਰ ਨਹੀਂ ਬਣਾਉਣਾ ਚਾਹੀਦਾ। |
| | ਪਾਠ-3 (ਚੌਗਿਰਦੇ ਦੀ ਸਫਾਈ) |
| 297 | ਚੌਗਿਰਦੇ ਦੀ ਸਫਾਈ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ :ਚੌਗਿਰਦੇ ਤੋਂ ਭਾਵ ਹੈ ਘਰ ਦਾ ਆਲਾ ਦੁਆਲਾ ਜਿਸ ਵਿੱਚ ਵਿਹੜਾ, ਗਲੀ, ਪਾਰਕ ਅਤੇ ਛੱਤ ਸ਼ਾਮਲ ਕੀਤੇ ਜਾ ਸਕਦੇ ਹਨ। ਘਰ ਦੀ ਅੰਦਰਲੀ ਸਫਾਈ ਦੇ ਨਾਲ-ਨਾਲ ਆਲੇ ਦੁਆਲੇ ਦੀ ਸਫਾਈ ਨੂੰ ਚੌਗਿਰਦੇ ਦੀ ਸਫਾਈ ਕਹਿੰਦੇ ਹਨ। |
| 298 | ਘਰੇਲੂ ਕੂੜੇ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਹੁੰਦੀਆਂ ਹਨ? |



Maprest kaur
Ramandeep
Kaur

| | |
|---|---|
| | ਉੱਤਰ :ਘਰ ਦੇ ਕੂੜੇ ਕਰਕਟ ਵਿਚ ਅਸੀਂ ਰਸੋਈ ਦੀ ਜੂਠ, ਸੁਆਹ, ਫਲ ਅਤੇ ਸਬਜੀਆਂ ਦੇ ਛਿਲਕੇ, ਗੱਤੇ ਦੇ ਡੱਬੇ, ਪੋਲੀਥੀਨ ਦੇ ਲਿਫਾਫੇ, ਕਾਗਜ਼-ਪੱਤਰ ਆਦਿ ਸ਼ਾਮਲ ਕਰਦੇ ਹਾਂ। |
| 299 | ਚੌਗਿਰਦੇ ਦੀ ਸਫਾਈ ਦਾ ਕੀ ਮਹੱਤਵ ਹੈ?<br>ਉੱਤਰ :ਸਾਫ-ਸੁਥਰਾ ਆਲਾ ਦੁਆਲਾ ਸਾਨੂੰ ਬਦਬੂ ਅਤੇ ਗੰਦਗੀ ਤੋਂ ਬਚਾ ਕੇ ਰੱਖਦਾ ਹੈ। ਕੀੜੇ-ਮਕੌੜੇ ਪੈਦਾ ਨਹੀਂ ਹੁੰਦੇ, ਪਾਣੀ ਅਤੇ ਭੂਮੀ ਦੇ ਪ੍ਰਦੂਸ਼ਨ ਦਾ ਡਰ ਨਹੀਂ ਰਹਿੰਦਾ। |
| 300 | ਘਰ ਦੀਆਂ ਨਾਲੀਆਂ ਨੂੰ ਸਾਫ ਕਰਨਾ ਕਿਉਂ ਜ਼ਰੂਰੀ ਹੈ?<br>ਉੱਤਰ :ਘਰ ਦੀ ਸਫਾਈ ਤਾਂ ਹੀ ਠੀਕ ਰਹਿ ਸਕਦੀ ਹੈ ਜੇ ਘਰ ਵਿੱਚੋਂ ਫਾਲਤੂ ਪਾਣੀ ਦੇ ਨਿਕਾਸ ਦਾ ਠੀਕ ਪ੍ਰਬੰਧ ਹੋਵੇ। ਨਾਲੀਆਂ ਵਿੱਚ ਕੋਈ ਕੀਟਨਾਸ਼ਕ ਜਾਂ ਬਦਬੂ ਨਾਸ਼ਕ ਦਵਾਈ ਫੀਨਾਈਲ ਜਾਂ ਡੀ.ਡੀ.ਟੀ. ਆਦਿ ਪਾ ਦੇਣੀ ਚਾਹੀਦੀ ਹੈ। ਜੇ ਨਾਲੀਆਂ ਸਾਫ ਨਹੀਂ ਹੋਣਗੀਆਂ ਤਾਂ ਮਲੇਰੀਆਂ, ਹੈਜਾ, ਫਲੂ, ਦਸਤ ਆਦਿ ਵਰਗੀਆਂ ਬੀਮਾਰੀਆਂ ਫੈਲ ਸਕਦੀਆਂ ਹਨ। |
| 301 | ਮਲ-ਮੂਤਰ ਨੂੰ ਟਿਕਾਣੇ ਲਗਾਉਣਾ ਕਿਉਂ ਜ਼ਰੂਰੀ ਹੈ?<br>ਉੱਤਰ :ਮਲ-ਮੂਤਰ ਨੂੰ ਟਿਕਾਣੇ ਲਗਾਉਣ ਦਾ ਕੰਮ ਸਭ ਤੋਂ ਮਹੱਤਵਪੂਰਨ ਹੈ ਕਿਉਕਿ ਮਲਮੂਤਰ ਵਿੱਚ ਹਾਨੀਕਾਰਕ ਬੈਕਟੀਰੀਆ, ਵਾਇਰਸ ਅਤੇ ਜੀਵਾਣੂ ਹੁੰਦੇ ਹਨ। ਇਹਨਾਂ ਨਾਲ ਬਿਮਾਰੀਆਂ ਫੈਲਣ ਦਾ ਖਤਰਾ ਰਹਿੰਦਾ ਹੈ। |
| 302 | ਕੂੜੇ-ਕਰਕਟ ਨੂੰ ਟਿਕਾਣੇ ਲਾਉਣ ਤੋਂ ਪਹਿਲਾਂ ਛਾਟਣਾ ਕਿਉਂ ਜ਼ਰੂਰੀ ਹੈ?<br>ਉੱਤਰ :ਕੂੜੇ ਕਰਕਟ ਨੂੰ ਛਾਟਣਾ ਇਸ ਲਈ ਜ਼ਰੂਰੀ ਹੈ ਕਿਉਕਿ ਕੂੜੇ ਵਿਚਲੀਆਂ ਚੀਜ਼ਾਂ ਨੂੰ ਕਿਸੇ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ ਜਿਵੇਂ 1. ਕੂੜੇ ਵਿਚੋਂ ਅੱਧ ਸੜੇ ਕੋਇਲੇ, ਪੱਥਰ, ਗੀਟੇ ਵੱਖ ਕਰਕੇ ਵਰਤੇ ਜਾ ਸਕਦੇ ਹਨ। 2. ਸਬਜੀਆਂ ਦੇ ਛਿਲਕਿਆਂ ਤੋਂ ਖਾਦ ਬਣਾਈ ਜਾ ਸਕਦੀ ਹੈ। ਕੁਝ ਚੀਜ਼ਾਂ ਕਬਾੜੀਆਂ ਨੂੰ ਵੇਚ ਕੇ ਪੈਸੇ ਕਮਾਏ ਜਾ ਸਕਦੇ ਹਨ। |
| 303 | ਘਰ ਦੀ ਨਾਲੀਆਂ ਦੀ ਸਫਾਈ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ?<br>ਉੱਤਰ :ਇਹਨਾਂ ਵਿੱਚ ਸਮੇਂ-ਸਮੇਂ ਤੇ ਕੀਟਨਾਸ਼ਕ ਦਵਾਈਆਂ ਪਾਉਂਦੇ ਰਹਿਣਾ ਚਾਹੀਦਾ ਹੈ ਤਾਂ ਕਿ ਮੱਖੀ-ਮੱਛਰ ਅਤੇ ਕੀੜੇ ਮਕੌੜੇ ਪੈਦਾ ਨਾ ਹੋਣ। |
| | ਪਾਠ-4 (ਡਿਜ਼ਾਇਨ ਦੇ ਮੂਲ ਤੱਤ ਅਤੇ ਸਿਧਾਂਤ) |
| 304 | ਡਿਜ਼ਾਇਨ ਦੇ ਮੂਲ ਅੰਸ਼ ਕਿਹੜੇ-ਕਿਹੜੇ ਹਨ? ਨਾਮ ਦੱਸੋ? |

| | |
|---|---|
| | ਉੱਤਰ :ਡਿਜ਼ਾਇਨ ਦੇ ਮੂਲ ਅੰਸ਼ ਵਿੱਚ ਰੇਖਾਵਾਂ, ਰੂਪ ਅਤੇ ਆਕਾਰ, ਰੰਗ ਅਤੇ ਬਣਤਰ ਹਨ। ਇਹ ਕਿਸੇ ਵੀ ਥਾਂ ਜਾਂ ਵਸਤੂ ਦੀ ਸੁੰਦਰਤਾ ਵਧਾਉਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। |
| 305 | ਡਿਜ਼ਾਇਨ ਵਿੱਚ ਇੱਕਸੁਰਤਾ ਤੋਂ ਕੀ ਭਾਵ ਹੈ?<br>ਉੱਤਰ :ਡਿਜ਼ਾਇਨ ਬਣਾਉਣ ਲਈ ਲਾਈਨਾਂ, ਆਕਾਰ, ਰੰਗ ਅਤੇ ਰਚਨਾ ਦੀ ਜ਼ਰੂਰਤ ਪੈਂਦੀ ਹੈ। ਇੱਕੋ ਤਰ੍ਹਾਂ ਦੀਆਂ ਦੋ ਚੀਜ਼ਾਂ ਜਿਵੇਂ ਇਕੋ ਰੰਗ, ਇੱਕ ਤਰ੍ਹਾਂ ਦੀਆਂ ਲਾਈਨਾਂ ਜਾਂ ਆਕਾਰ ਨਾਲ ਡਿਜ਼ਾਇਨ ਵਿੱਚ ਇੱਕਸੁਰਤਾ ਲਿਆਂਦੀ ਜਾ ਸਕਦੀ ਹੈ। |
| 306 | ਪ੍ਰਾਥਮਿਕ ਜਾਂ ਪਹਿਲੇ ਦਰਜੇ ਦੇ ਰੰਗ ਕਿਹੜੇ ਹਨ?<br>ਉੱਤਰ :ਪ੍ਰਾਥਮਿਕ ਜਾਂ ਪਹਿਲੇ ਦਰਜੇ ਦੇ ਰੰਗ ਪੀਲਾ, ਨੀਲਾ ਅਤੇ ਲਾਲ ਹਨ। ਇਹ ਤਿੰਨੇ ਰੰਗ ਹੋਰ ਰੰਗਾਂ ਨੂੰ ਮਿਲਾ ਕੇ ਨਹੀਂ ਬਣਦੇ। ਇਸ ਲਈ ਇਹਨਾਂ ਨੂੰ ਪਹਿਲੇ ਦਰਜੇ ਦੇ ਰੰਗ ਕਿਹਾ ਜਾਂਦਾ ਹੈ। |
| 307 | ਵਿਰੋਧੀ ਰੰਗ ਯੋਜਨਾ ਕੀ ਹੈ?<br>ਉੱਤਰ :ਇਸ ਵਿੱਚ ਰੰਗ ਚੱਕਰ ਤੇ ਇੱਕ-ਦੂਜੇ ਦੇ ਉਲਟ ਪਾਏ ਜਾਣ ਵਾਲੇ ਰੰਗ ਵਰਤੇ ਜਾਂਦੇ ਹਨ। ਜਿਵੇਂ ਲਾਲ ਤੇ ਹਰਾ, ਨੀਲਾ ਤੇ ਜਾਮਨੀ ਜਾਂ ਸੰਤਰੀ ਅਤੇ ਨੀਲਾ ਆਦਿ। |
| 308 | ਸੰਬੰਧਿਤ ਵਿਉਂਤ ਜਾਂ ਰੰਗ ਯੋਜਨਾ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ :ਜਦੋਂ ਰੰਗਾਂ ਦੇ ਚੱਕਰ ਤੇ ਇੱਕ ਰੰਗ ਦੇ ਨਾਲ ਲੱਗਦੇ ਰੰਗਾਂ ਦੀ ਚੋਣ ਕੀਤੀ ਜਾਵੇ ਤਾਂ ਇਸਨੂੰ ਸਬੰਧਿਤ ਵਿਉਂਤ ਕਿਹਾ ਜਾਂਦਾ ਹੈ। ਇਸ ਵਿੱਚ ਵੱਧ ਤੋਂ ਵੱਧ ਤਿੰਨ ਰੰਗ ਵਰਤੇ ਜਾਂਦੇ ਹਨ। ਜਿਵੇਂ ਕਿ ਨੀਲਾ, ਹਰਾ-ਨੀਲਾ, ਨੀਲਾ-ਜਾਮਨੀ। |
| 309 | ਦੂਜੇ ਦਰਜੇ ਦੇ ਰੰਗ ਕਿਹੜੇ ਹਨ?<br>ਉੱਤਰ :ਪੀਲਾ+ਨੀਲਾ =ਹਰਾ<br>ਨੀਲਾ+ਲਾਲ= ਜਾਮਨੀ<br>ਨਾਲ+ਪੀਲਾ=ਸੰਤਰੀ |
| 310 | ਡਿਜ਼ਾਇਨ ਵਿੱਚ ਲੈਅ ਤੁਸੀਂ ਕੀ ਸਮਝਦੇ ਹੋ?<br>ਉੱਤਰ :ਲੈਅ ਤੋਂ ਭਾਵ ਹੈ ਕਿ ਜਦੋਂ ਤੁਸੀਂ ਕਿਸੇ ਕਮਰੇ ਵਿੱਚ ਜਾਓ ਤਾਂ ਤੁਹਾਡੀ ਨਜ਼ਰ ਪਹਿਲਾਂ ਇੱਕ ਥਾਂ ਤੇ ਜਾਂਦੀ ਹੈ ਅਤੇ ਫਿਰ ਹੌਲੀ-ਹੌਲੀ ਬਾਕੀ ਚੀਜ਼ਾਂ ਤੇ ਜਾਂਦੀ ਹੈ। ਇਹ ਨਜ਼ਰ ਦੀ ਗਤੀ |



Manpreet Kaur
Ramandeep

| | |
|---|---|
| | ਜੇ ਲੈਅ ਵਿੱਚ ਹੋਵੇ ਤਾਂ ਡਿਜ਼ਾਇਨ ਲੈਅ ਵਿੱਚ ਹੈ। |
| 311 | ਸਿੱਧੀਆਂ ਰੇਖਾਵਾਂ ਦਾ ਪ੍ਰਯੋਗ ਕਿੱਥੇ ਕੀਤਾ ਜਾਂਦਾ ਹੈ?<br>ਉੱਤਰ :ਸਿੱਧੀਆਂ ਰੇਖਾਵਾਂ ਦ੍ਰਿੜਤਾ ਅਤੇ ਸਾਦਗੀ ਦੀਆਂ ਪ੍ਰਤੀਕ ਹੁੰਦੀਆਂ ਹਨ। ਇਹਨਾਂ ਦਾ ਜ਼ਿਆਦਾ ਪ੍ਰਯੋਗ ਗਿਰਜੇ ਘਰਾਂ ਵਿੱਚ ਕੀਤਾ ਜਾਂਦਾ ਹੈ। |
| 312 | ਲੇਟਵੀਆਂ ਰੇਖਾਵਾਂ ਕਿੱਥੇ ਵਰਤੀਆਂ ਜਾਂਦੀਆਂ ਹਨ?<br>ਉੱਤਰ :ਇਹ ਕਿਸੇ ਚੀਜ਼ ਦੇ ਆਕਾਰ ਨੂੰ ਛੋਟਾ ਦਿਖਾਉਣ ਦਾ ਭਰਮ ਪੈਦਾ ਕਰਦੀਆਂ ਹਨ। ਇਸ ਲਈ ਜਿਨ੍ਹਾਂ ਕਮਰਿਆਂ ਦੀ ਛੱਤ ਜ਼ਿਆਦਾ ਉੱਚੀ ਹੋਵੇ ਉਨ੍ਹਾਂ ਦੇ ਦਰਵਾਜ਼ਿਆਂ ਤੇ ਖਿੜਕੀਆਂ ਦੇ ਪਰਦਿਆਂ ਵਿੱਚ ਲੇਟਵੀਆਂ ਰੇਖਾਵਾਂ ਵਰਤੀਆਂ ਜਾ ਸਕਦੀਆਂ ਹਨ। |
| 313 | ਤਿਰਛੀਆਂ ਰੇਖਾਵਾਂ ਕੀ ਦਰਸਾਉਂਦੀਆਂ ਹਨ?<br>ਉੱਤਰ :ਇਹਨਾਂ ਰੇਖਾਵਾਂ ਦੇ ਪ੍ਰਯੋਗ ਨਾਲ ਅਨੁਸ਼ਾਸ਼ਨ ਦੀ ਘਾਟ ਲੱਗਦੀ ਹੈ, ਬਨਾਵਟੀਪਣ ਲੱਗਦਾ ਹੈ ਅਤੇ ਦੇਖਣ ਵਿੱਚ ਜ਼ਿਆਦਾ ਸੁਹਣੀਆਂ ਵੀ ਨਹੀਂ ਲੱਗਦੀਆਂ। |
| | ਪਾਠ-5 (ਘਰ ਦੀ ਅੰਦਰਲੀ ਸਜਾਵਟ) |
| 314 | ਘਰ ਦੀ ਸਜਾਵਟ ਲਈ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ?<br>ਉੱਤਰ :ਘਰ ਦੀ ਅੰਦਰਲੀ ਸਜਾਵਟ ਲਈ ਹੇਠ ਲਿਖੀਆਂ ਚੀਜ਼ਾਂ ਵਰਤੀਆਂ ਜਾਂਦੀਆਂ ਹਨ:-<br>1. ਫਰਨੀਚਰ<br>2. ਪਰਦੇ<br>3. ਗਲੀਚੇ, ਕਾਲੀਨ<br>4. ਗੱਦੀਆਂ/ਕੁਸ਼ਨ<br>5. ਸਹਾਇਕ ਸਮੱਗਰੀ ਜਾਂ ਸਮਾਨ |
| 315 | ਗੱਦੀਆਂ/ਕੁਸ਼ਨ ਕਮਰੇ ਦੀ ਸੁੰਦਰਤਾ ਕਿਵੇਂ ਵਧਾਉਂਦੇ ਹਨ?<br>ਉੱਤਰ :ਗੱਦੀਆਂ ਵੱਖ-ਵੱਖ ਆਕਾਰ ਅਤੇ ਰੰਗਾਂ ਵਿੱਚ ਮਿਲਦੀਆਂ ਹਨ। ਇਹਨਾਂ ਦੀ ਚੋਣ ਫਰਨੀਚਰ ਤੇ ਨਿਰਭਰ ਕਰਦੀ ਹੈ। ਪਲੇਟ ਸੋਫੇ ਤੇ ਡਿਜਾਇਨ ਵਾਲੇ ਕੁਸ਼ਨ, ਫਿੱਕੇ ਰੰਗ ਤੇ ਗਹਿਰੇ ਰੰਗ ਦੇ ਕੁਸ਼ਨ ਰੱਖਣ ਨਾਲ ਕਮਰੇ ਦੀ ਸੁੰਦਰਤਾ ਵੱਧ ਜਾਂਦੀ ਹੈ। |
| 316 | ਬੈਠਕ ਵਿੱਚ ਕਿਹੋ ਜਿਹੇ ਫਰਨੀਚਰ ਦੀ ਲੋੜ ਹੁੰਦੀ ਹੈ?<br>ਉੱਤਰ :ਬੈਠਕ ਵਿੱਚ ਸੋਫਾ, ਕੁਰਸੀਆਂ ਅਤੇ ਦੀਵਾਨ ਰੱਖੇ ਜਾਂਦੇ ਹਨ। ਇਨ੍ਹਾਂ ਵਿਚਕਾਰ ਕਾਫ਼ੀ |

| | |
|---|---|
| | ਮੇਜ਼ ਰੱਖਣਾ ਚਾਹੀਦਾ ਹੈ। ਸੋਫੇ ਅਤੇ ਕੁਰਸੀਆਂ ਦੇ ਆਸ-ਪਾਸ  ਛੋਟੇ ਮੇਜ਼ ਰੱਖੇ ਜਾਂਦੇ ਹਨ। |
| 317 | ਪਲਾਸਟਿਕ ਦੇ ਫਰਨੀਚਰ ਦੇ ਕੀ ਫਾਇਦੇ ਹਨ?<br>ਉੱਤਰ : 1 ਇਸ ਨੂੰ ਕੀੜਾ ਜਾਂ ਸਿਉਕ ਨਹੀਂ ਲੱਗਦੀ।<br>2. ਇਹ ਕਈ ਰੰਗਾਂ ਵਿੱਚ ਮਿਲ ਜਾਂਦਾ ਹੈ।<br>3. ਸਾਫ ਕਰਨਾ ਅਸਾਨ ਹੈ। |
| 318 | ਘਰ ਵਿੱਚ ਪਰਦੇ ਕਿਉਂ ਲਗਾਏ ਜਾਂਦੇ ਹਨ?<br>ਉੱਤਰ :ਪਰਦੇ ਘਰ ਦੀ ਸੁੰਦਰਤਾ ਵਧਾਉਣ ਲਈ ਲਗਾਏ ਜਾਂਦੇ ਹਨ। ਨਾਲ ਹੀ ਘਰ ਨੂੰ ਤੇਜ਼ ਹਵਾ, ਰੋਸ਼ਨੀ ਅਤੇ ਮਿੱਟੀ-ਘੱਟੇ ਤੋਂ ਵੀ ਬਚਾਉਂਦੇ ਹਨ। ਪਰਦੇ ਲਾਉਣ ਨਾਲ ਇਕਾਂਤ ਦੀ ਭਾਵਨਾ ਵੀ ਪੈਦਾ ਹੁੰਦੀ ਹੈ। |
| 319 | ਸਟੈਮ ਹੋਲਡਰ ਕਿਸ ਕੰਮ ਆਉਂਦਾ ਹੈ?<br>ਉੱਤਰ :ਸਟੈਮ ਹੋਲਡਰ ਫੁੱਲਾਂ ਨੂੰ ਆਪਣੀ ਜਗ੍ਹਾ ਟਿਕਾਉਣ ਦੇ ਕੰਮ ਆਉਂਦੇ ਹਨ। ਇਹ ਭਾਰੇ ਹੋਣੇ ਚਾਹੀਦੇ ਹਨ ਤਾਂ ਜੋ ਫੁੱਲਾਂ ਦੇ ਭਾਰ ਨਾਲ ਹਿੱਲ ਕੇ ਡਿੱਗਣ ਨਾ। |
| 320 | ਫੁੱਲ ਵਿਵਸਥਾ ਲਈ ਫੁੱਲਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?<br>ਉੱਤਰ :ਫੁੱਲਾਂ ਦੀ ਚੋਣ ਕਰਦੇ ਸਮੇਂ ਕਮਰੇ ਅਤੇ ਕਮਰੇ ਦੀ ਰੰਗ ਯੋਜਨਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਫੁੱਲਾਂ ਦਾ ਸਾਈਜ਼ ਫੁੱਲਦਾਨ ਦੇ ਸਾਈਜ਼ ਅਤੇ ਆਕਾਰ ਦੇ ਮੁਤਾਬਿਕ ਹੋਣਾ ਚਾਹੀਦਾ ਹੈ। |
| 321 | ਗਲੀਚੇ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?<br>ਉੱਤਰ :ਗਲੀਚੇ ਦੀ ਚੋਣ ਕਰਦੇ ਸਮੇਂ ਉਸਦੀ ਮਜ਼ਬੂਤੀ, ਰੰਗ ਅਤੇ ਆਕਾਰ ਸਬੰਧੀ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਵੱਡੇ ਕਮਰੇ ਵਿੱਚ ਕਾਲੀਨ ਗੂੜੇ ਰੰਗ ਦਾ ਅਤੇ ਛੋਟੇ ਕਮਰੇ ਵਿੱਚ ਕਾਲੀਨ ਪਲੇਨ ਅਤੇ ਫਿੱਕੇ ਰੰਗ ਦਾ ਹੋਣਾ ਚਾਹੀਦਾ ਹੈ। ਇਸ ਦੀ ਲੰਬਾਈ ਚੌੜਾਈ ਕਮਰੇ ਅਨੁਸਾਰ ਹੋਣੀ ਚਾਹੀਦੀ ਹੈ। |
| | ਪਾਠ-6<br>(ਪੋਸ਼ਣ ਵਿਗਿਆਨ) |
| 322 | ਭੋਜਨ ਜੀਵਨ ਦਾ ਮੂਲ ਆਧਾਰ ਮੰਨਿਆ ਜਾਂਦਾ ਹੈ ਕਿਉਂ? |



Manpreet kaur
Ramandeep

| | |
|---|---|
| | ਉੱਤਰ :ਭੋਜਨ ਸਰੀਰ ਨੂੰ ਉਰਜਾ ਪ੍ਰਦਾਨ ਕਰਦਾ ਹੈ ਤੇ ਸਰੀਰ ਦੀ ਅੰਦਰੂਨੀ ਟੁੱਟ-ਭੱਜ ਦੀ ਮੁਰੰਮਤ ਕਰਦਾ ਹੈ। ਊਰਜਾ ਨਾਲ ਸਰੀਰ ਆਪਣੀਆਂ ਲੋੜੀਂਦੀਆਂ ਕਿਰਿਆਵਾਂ ਕਰਨ ਯੋਗ ਹੁੰਦਾ ਹੈ। ਇਹ ਦੋਵੇਂ ਕਿਰਿਆਵਾਂ ਸਰੀਰ ਨੂੰ ਜਿਉਂਦਾ ਰੱਖਦੀਆਂ ਹਨ, ਇਸ ਲਈ ਭੋਜਨ ਜੀਵਨ ਦਾ ਮੂਲ ਆਧਾਰ ਹੈ। |
| 323 | ਭੋਜਨ ਦੇ ਪੋਸ਼ਟਿਕ ਤੱਤ ਕਿਹੜੇ ਹਨ?<br>ਉੱਤਰ :ਪੋਸ਼ਟਿਕ ਤੱਤ ਵੱਖ-ਵੱਖ ਰਸਾਇਣਿਕ ਤੱਤਾਂ ਦੇ ਮਿਸ਼ਰਨ ਹੁੰਦੇ ਹਨ। ਇਨ੍ਹਾਂ ਦੀ ਸਰੀਰ ਨੂੰ ਕਾਫੀ ਮਾਤਰਾ ਵਿੱਚ ਲੋੜ ਹੁੰਦੀ ਹੈ। ਭੋਜਨ ਵਿੱਚ ਹੇਠ ਲਿਖੇ ਪੋਸ਼ਟਿਕ ਤੱਤ ਹੁੰਦੇ ਹਨ: ਪ੍ਰੋਟੀਨ, ਕਾਰਬੋਜ਼, ਚਿਕਨਾਈ, ਵਿਟਾਮਿਨ, ਲੂਣ ਅਤੇ ਪਾਣੀ ਆਦਿ। |
| 324 | ਸਰੀਰ ਦੇ ਨਿਰਮਾਣ ਲਈ ਅਤੇ ਟੁੱਟ ਭੱਜੇ ਸੈੱਲਾਂ ਦੀ ਮੁਰੰਮਤ ਲਈ ਕਿਹੜੇ ਪੋਸ਼ਟਿਕ ਤੱਤਾਂ ਦੀ ਲੋੜ ਹੁੰਦੀ ਹੈ?<br>ਉੱਤਰ :ਸਰੀਰ ਦੇ ਨਿਰਮਾਣ ਲਈ ਅਤੇ ਟੁੱਟੇ ਭੱਜੇ ਸੈੱਲਾਂ ਦੀ ਮੁਰੰਮਤ ਲਈ ਪ੍ਰੋਟੀਨ ਯੁਕਤ ਭੋਜਨ ਪਦਾਰਥ ਖਾਣੇ ਚਾਹੀਦੇ ਹਨ: ਜਿਵੇਂ ਆਂਡਾ, ਦੁੱਧ, ਮੀਟ, ਮੱਛੀ, ਸੋਇਆਬੀਨ, ਦਾਲਾਂ, ਪਨੀਰ, ਮੂੰਗਫਲੀ, ਬਦਾਮ ਆਦਿ। |
| 325 | ਸ਼ਕਤੀ ਜਾਂ ਊਰਜਾ ਦੇਣ ਵਾਲੇ ਭੋਜਨ ਪਦਾਰਥਾਂ ਦੇ ਨਾਮ ਲਿਖੋ?<br>ਉੱਤਰ : 1. ਕਾਰਬੋਜ਼ ਯੁਕਤ ਪਦਾਰਥ-ਗੁੜ, ਸ਼ੱਕਰ, ਚੀਨੀ ਅਤੇ ਜੜ੍ਹਾਂ ਵਾਲੀਆਂ ਸਬਜ਼ੀਆਂ।<br>2. ਚਿਕਨਾਈ ਯੁਕਤ ਪਦਾਰਥ-ਮੱਖਣ, ਘਿਉ, ਤੇਲ ਤਲੇ ਹੋਏ ਭੋਜਨ।<br>3. ਪ੍ਰੋਟੀਨ ਯੁਕਤ ਪਦਾਰਥ-ਦੁੱਧ, ਦਹੀ, ਮੱਖਣ, ਮੀਟ, ਪਨੀਰ। |
| 326 | ਪ੍ਰੋਟੀਨ ਕਿਹੜੇ ਤੱਤਾਂ ਦਾ ਮਿਸ਼ਰਣ ਹੈ?<br>ਉੱਤਰ :ਪ੍ਰੋਟੀਨ ਕਈ ਤਰ੍ਹਾਂ ਦੇ ਅਮੀਨੋ ਅਮਲਾਂ ਦੇ ਮਿਸ਼ਰਨ ਨਾਲ ਬਣਦਾ ਹੈ। ਇਹ ਅਮੀਨੋ ਅਮਲ ਕਾਰਬਨ, ਹਾਈਡਰੋਜਨ, ਆਕਸੀਜ਼ਨ, ਨਾਈਟਰੋਜ਼ਨ ਅਤੇ ਸਲਫਰ ਦੇ ਸੰਯੋਗ ਨਾਲ ਬਣਦੇ ਹਨ। |
| 327 | ਕਾਰਬੋਹਾਈਡ੍ਰੇਟਸ ਦੇ ਮੁੱਖ ਸ੍ਰੋਤ ਕਿਹੜੇ ਹਨ?<br>ਉੱਤਰ :ਇਹ ਸਰੀਰ ਨੂੰ ਗਰਮੀ ਅਤੇ ਸ਼ਕਤੀ ਦੇਣ ਦਾ ਉੱਤਮ ਅਤੇ ਸਭ ਤੋਂ ਸਸਤਾ ਸੋਮਾ ਹੈ। ਕਾਰਬੋਜ਼ ਕਣਕ, ਚਾਵਲ, ਮੱਕੀ, ਜਵਾਰ, ਬਾਜਰਾ, ਜੋ ਫਲ, ਸੁੱਕੇ ਮੇਵੇ, ਗੁੜ, ਸ਼ੱਕਰ, ਚੀਨੀ |

| | |
|---|---|
| | ਅਤੇ ਸ਼ਹਿਦ ਆਦਿ ਤੋਂ ਪ੍ਰਾਪਤ ਹੁੰਦੇ ਹਨ। |
| 328 | ਪਾਣੀ ਵਿੱਚ ਘੁਲਣਸ਼ੀਲ ਵਿਟਾਮਿਨ ਕਿਹੜੇ ਹਨ?<br>ਉੱਤਰ :ਘੁਲਣਸ਼ੀਲ ਦੇ ਅਧਾਰ ਤੇ ਵਿਟਾਮਿਨ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:- ਚਰਬੀ ਵਿੱਚ ਘੁਲਣਸ਼ੀਲ ਅਤੇ ਪਾਣੀ ਵਿੱਚ ਘੁਲਣਸ਼ੀਲ। ਪਾਣੀ ਵਿੱਚ ਘੁਲਣਸ਼ੀਲ ਵਿਟਾਮਿਨ ਹਨ: ਵਿਟਾਮਿਨ ਬੀ-ਕੰਪਲੈਕਸ ($B_1$, $B_2$, $B_3$, $B_6$, $B_{12}$) ਅਤੇ ਵਿਟਾਮਿਨ 'ਸੀ'। |
| 329 | ਵੱਧਣ ਵਾਲੇ ਬਚਿਆਂ ਦੇ ਭੋਜਨ ਵਿੱਚ ਪ੍ਰੋਟੀਨ ਦਾ ਹੋਣਾ ਕਿਉਂ ਜ਼ਰੂਰੀ ਹੈ?<br>ਉੱਤਰ :ਵੱਧ ਰਹੇ ਬੱਚਿਆਂ ਨੂੰ ਪ੍ਰੋਟੀਨ ਦੀ ਵੱਧ ਲੋੜ ਹੁੰਦੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਵਿੱਚ ਨਵੇ ਸੈੱਲਾਂ ਦਾ ਨਿਰਮਾਣ ਹੋਣਾ ਹੁੰਦਾ ਹੈ ਅਤੇ ਬੱਚਿਆਂ ਦੇ ਸਰੀਰ ਵਿੱਚ ਸੈੱਲਾਂ ਦੀ ਟੁੱਟ ਭੱਜ ਵੀ ਵੱਧ ਹੁੰਦੀ ਹੈ। |
| 330 | ਵਿਟਾਮਿਨ ਈ ਦੇ ਮੁੱਖ ਕੰਮ ਕੀ ਹਨ?<br>ਉੱਤਰ : ਵਿਟਾਮਿਨ ਈ ਦੇ ਕੰਮ ਹੇਠਾਂ ਲਿਖੇ ਹਨ:<br>1. ਪ੍ਰਜਨਣ ਕਿਰਿਆ ਵਿੱਚ ਸਹਾਇਤਾ ਕਰਦਾ ਹੈ।<br>2. ਮਾਸ਼ਪੇਸ਼ੀਆਂ ਦੇ ਵਿਕਾਸ ਲਈ ਜ਼ਰੂਰੀ ਹੈ।<br>3. ਵਿਟਾਮਿਨ ਏ ਦੇ ਬਣਨ ਵਿੱਚ ਸਹਾਇਤਾ ਕਰਦਾ ਹੈ। |
| 331 | ਵਿਟਾਮਿਨ ਈ ਦੀ ਕਮੀ ਦੀ ਸਰੀਰ ਉੱਤੇ ਕੀ ਅਸਰ ਪੈਂਦਾ ਹੈ?<br>ਉੱਤਰ : 1. ਪ੍ਰਜਨਣ ਸਬੰਧੀ ਵਿਕਾਸ<br>2. ਗਰਭਪਾਤ<br>3. ਭਰੂਣ ਦੀ ਮੌਤ<br>4. ਦਿਲ ਦਾ ਰੋਗ |
| 332 | ਵਿਟਾਮਿਨ ਕੇ ਦਾ ਮੁੱਖ ਕੰਮ ਅਤੇ ਕਮੀ ਦੇ ਪ੍ਰਭਾਵ ਦੱਸੋ?<br>ਉੱਤਰ :ਵਿਟਾਮਿਨ ਕੇ ਦਾ ਮੁੱਖ ਕੰਮ ਖ਼ੂਨ ਨੂੰ ਜਮਾਉਣ ਵਿੱਚ ਸਹਾਇਤਾ ਕਰਨਾ ਹੈ। ਜਦੋਂ ਸਰੀਰ ਵਿਚ ਵਿਟਾਮਿਨ ਕੇ ਦੀ ਕਮੀ ਹੋ ਜਾਂਦੀ ਹੈ ਤਾਂ ਜੇ ਖ਼ੂਨ ਵਹਿਣ ਲੱਗ ਜਾਵੇ ਤਾਂ ਜੰਮਦਾ ਨਹੀਂ ਹੈ। |
| 333 | ਕੈਲਸ਼ੀਅਮ ਦੀ ਕਮੀ ਦੇ ਪ੍ਰਭਾਵ ਦੱਸੋ?<br>ਉੱਤਰ : 1. ਬੱਚਿਆਂ ਦੇ ਦੰਦ ਦੇਰ ਨਾਲ ਨਿਕਲਦੇ ਹਨ ਜਾਂ ਠੀਕ ਨਹੀਂ ਨਿਕਲਦੇ। |



Maprut kaur Ramandeep

| | |
|---|---|
| | 2. ਹੱਡੀਆਂ ਕਮਜ਼ੋਰ ਹੋ ਕੇ ਵਿੰਗੀਆਂ ਹੋ ਜਾਂਦੀਆਂ ਹਨ।<br>3. ਬੱਚਿਆਂ ਵਿੱਚ ਰਿਕਟਸ ਅਤੇ ਵੱਡਿਆਂ ਵਿੱਚ ਅਸਟੋਮਲੇਸ਼ੀਆ ਰੋਗ ਹੋ ਜਾਂਦਾ ਹੈ। |
| 334 | ਪਾਣੀ ਮਨੁੱਖੀ ਸਰੀਰ ਲਈ ਕਿਵੇਂ ਮਹੱਤਵਪੂਰਨ ਹੈ?<br>ਉੱਤਰ :ਪਾਣੀ ਸਾਡੇ ਭੋਜਨ ਅਤੇ ਸਰੀਰ ਦਾ ਜਰੂਰੀ ਹਿੱਸਾ ਹੈ। ਸਰੀਰ ਦੇ ਹਰ ਕੋਸ਼ ਵਿੱਚ ਪੋਸ਼ਟਿਕ ਤੱਤ ਪਹੁੰਚਾਉਣ ਦਾ ਕੰਮ ਪਾਣੀ ਹੀ ਕਰਦਾ ਹੈ। ਸਰੀਰ ਦੇ ਭਾਰ ਦਾ ਲਗਭਗ 65% ਹਿੱਸਾ ਪਾਣੀ ਹੈ। |
| 335 | ਲੋਹੇ ਦੀ ਕਮੀ ਦਾ ਸਰੀਰ ਉਪਰ ਕੀ ਅਸਰ ਪੈਂਦਾ ਹੈ?<br>ਉੱਤਰ :ਲੋਹੇ ਦੀ ਕਮੀ ਨਾਲ ਅਨੀਮੀਆ ਹੋ ਜਾਂਦਾ ਹੈ। ਖ਼ੂਨ ਵਿੱਚ ਹੀਮੋਗਲੋਬਿਨ ਦੀ ਘਾਟ ਹੋ ਜਾਂਦੀ ਹੈ। ਇਸ ਨਾਲ ਭੁੱਖ ਘੱਟ ਲੱਗਣਾ, ਸਾਹ ਦਾ ਚੜ੍ਹਨਾ, ਦਿਲ ਦੀ ਧੜਕਨ ਵੱਧਣਾ, ਨੰਹੁ ਸਫੇਦ ਹੋਣਾ ਅਤੇ ਸਰੀਰਕ ਕਮਜ਼ੋਰੀ ਹੋ ਜਾਂਦੀ ਹੈ। |
| 336 | ਚਿਕਨਾਈ ਦੀ ਅਧਿਕਤਾ ਨਾਲ ਸਰੀਰ ਤੇ ਕੀ ਅਸਰ ਪੈਂਦਾ ਹੈ?<br>ਉੱਤਰ :ਚਿਕਨਾਈ ਦੀ ਅਧਿਕਤਾ ਨਾਲ ਸਰੀਰ ਮੋਟਾਪਾ ਆ ਜਾਂਦਾ ਹੈ ਤੇ ਹਾਜ਼ਮਾ ਵੀ ਵਿਗੜ ਜਾਂਦਾ ਹੈ। ਇਸ ਦੀ ਜ਼ਿਆਦਾ ਵਰਤੋਂ ਨਾਲ ਮਨੁੱਖ ਦਾ ਲੀਵਰ ਖਰਾਬ ਹੋ ਜਾਂਦਾ ਹੈ, ਕਲੈਸਟਰੋਲ ਵੱਧਣ ਨਾਲ ਖ਼ੂਨ ਦਾ ਦਬਾਅ ਵੱਧ ਜਾਂਦਾ ਹੈ ਤੇ ਦਿਲ ਦੇ ਰੋਗ ਦੀ ਸੰਭਾਵਨਾ ਵੱਧ ਜਾਂਦੀ ਹੈ। |
| | ਪਾਠ-7<br>(ਸੰਤੁਲਿਤ ਭੋਜਨ) |
| 337 | ਸੰਤੁਲਿਤ ਭੋਜਨ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ: ਉਹ ਭੋਜਨ ਜਿਸ ਵਿੱਚ ਸਰੀਰ ਦੇ ਵਾਧੇ ਅਤੇ ਵਿਕਾਸ, ਸਰੀਰਕ ਕ੍ਰਿਆਵਾਂ ਅਤੇ ਸਰੀਰਕ ਸੰਭਾਲ ਲਈ ਲੋੜੀਂਦੇ ਤੱਤ, ਲੋੜੀਂਦੀ ਮਾਤਰਾ ਅਤੇ ਸਹੀ ਅਨੁਪਾਤ ਵਿੱਚ ਹੋਣ, ਉਸਨੂੰ ਸੰਤੁਲਿਤ ਭੋਜਨ ਕਿਹਾ ਜਾਂਦਾ ਹੈ। |
| 338 | ਭੋਜਨਾਂ ਨੂੰ ਕਿਹੜੇ-ਕਿਹੜੇ ਭੋਜਨ ਸਮੂਹ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ: 1. ਅਨਾਜ<br>2. ਦਾਲਾਂ<br>3. ਸੁੱਕੇ ਮੇਵੇ |

| | |
|---|---|
| | 4. ਸਬਜ਼ੀਆਂ<br>5. ਫਲ<br>6. ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ<br>7. ਮੱਖਣ, ਘਿਉ ਅਤੇ ਤੇਲ<br>8. ਮੀਟ, ਮੱਛੀ ਅਤੇ ਅੰਡੇ<br>9. ਸ਼ੱਕਰ ਅਤੇ ਗੁੜ<br>10. ਮਸਾਲੇ ਅਤੇ ਚਟਨੀਆਂ ਆਦਿ। |
| 339 | ਪ੍. ਦਾਲਾਂ ਅਤੇ ਕਿਹੜੇ ਪੋਸ਼ਟਿਕ ਤੱਤ ਹੁੰਦੇ ਹਨ ਅਤੇ ਜਿਆਦਾ ਮਾਤਰਾ ਕਿਸ ਦੀ ਹੁੰਦੀ ਹੈ?<br>ਉੱਤਰ: ਮਾਂਸ, ਮੰਗ, ਮੋਠ ਆਦਿ ਸਾਰੀਆਂ ਹੀ ਦਾਲਾਂ ਵਿੱਚ ਪ੍ਰੋਟੀਨ ਦੀ ਮਾਤਰਾ 20-25% ਹੁੰਦੀ ਹੈ। ਵਿਟਾਮਿਨ ਬੀ, ਖਣਿਜ ਪਦਾਰਥ ਅਤੇ ਕੈਲਸ਼ੀਅਮ ਵੀ ਚੰਗੀ ਮਾਤਰਾ ਵਿੱਚ ਹੁੰਦੇ ਹਨ। ਸੁੱਕੀਆਂ ਦਾਲਾਂ ਵਿੱਚ ਵਿਟਾਮਿਨ ਸੀ ਨਹੀਂ ਹੁੰਦਾ ਪ੍ਰੰਤੂ ਪੁੰਗਰੀਆਂ ਦਾਲਾਂ ਵਿਟਾਮਿਨ ਸੀ ਦਾ ਚੰਗਾ ਸ੍ਰੋਤ ਹਨ। |
| 340 | ਪ੍ਰੋਟੀਨ ਕਿਹੜੇ-ਕਿਹੜੇ ਭੋਜਨ ਸਮੂਹ ਵਿੱਚ ਪਾਏ ਜਾਂਦੇ ਹਨ।<br>ਉੱਤਰ: ਪ੍ਰੋਟੀਨ ਨੂੰ ਦਾਲਾਂ, ਸੁੱਕੇ ਮੇਵੇ, ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਜਿਵੇਂ ਕਿ ਦਹੀ, ਲੱਸੀ, ਕ੍ਰੀਮ, ਪਨੀਰ ਆਦਿ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਮੀਟ, ਮੱਛੀ ਅਤੇ ਅੰਡੇ ਪ੍ਰੋਟੀਨ ਦੇ ਉੱਤਮ ਸ੍ਰੋਤ ਹੈ। |
| 341 | ਆਹਾਰ ਨਿਯੋਜਨ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ: ਹਰ ਪਰਿਵਾਰ ਵਿੱਚ ਖਾਣੇ ਲਈ ਸਮਾਂ ਨਿਸ਼ਚਿਤ ਹੁੰਦਾ ਹੈ ਅਤੇ ਉਸ ਅਨੁਸਾਰ ਹੀ ਖਾਣੇ ਦੀ ਵਿਉਂਤ ਬਣਾਈ ਜਾਂਦੀ ਹੈ। ਇਹ ਭੋਜਨ ਦੀ ਵਿਉਂਤ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਜਰੂਰਤ ਅਨੁਸਾਰ ਬਣਾਈ ਜਾਂਦੀ ਹੈ। ਨਿਸ਼ਚਿਤ ਸਮੇਂ ਅਨੁਸਾਰ ਚੰਗੇ ਪੋਸ਼ਣ ਲਈ ਖਾਧ ਪਦਾਰਥਾਂ ਨੂੰ ਸਵੇਰ, ਦੁਪਿਹਰ ਅਤੇ ਰਾਤ ਦੇ ਖਾਣੇ ਅਨੁਸਾਰ ਨਿਯੋਜਨ ਕਰਨ ਨੂੰ ਹੀ ਆਹਾਰ ਨਿਯੋਜਨ ਕਹਿੰਦੇ ਹਨ। |
| 342 | ਸੰਤੁਲਿਤ ਭੋਜਨ ਦੀ ਯੋਜਨਾ ਬਣਾਉਂਦੇ ਸਮੇਂ ਕਿਹੜੀਆਂ -ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?<br>ਉੱਤਰ: ਸੰਤੁਲਿਤ ਭੋਜਨ ਦੀ ਯੋਜਨਾ ਬਣਾਉਂਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ |

| | |
|---|---|
| | ਚਾਹੀਦਾ ਹੈ।<br>1. ਭੋਜਨ ਤੱਤਾਂ ਦੀ ਪ੍ਰਤੀਦਿਨ ਜਰੂਰਤਾਂ ਦਾ ਗਿਆਨ।<br>2. ਵੱਖ-ਵੱਖ ਭੋਜਨ ਪਦਾਰਥਾਂ ਵਿੱਚ ਪੋਸ਼ਟਿਕ ਤੱਤਾਂ ਬਾਰੇ ਜਾਣਕਾਰੀ ਅਤੇ ਚੁਣਨ ਦਾ ਗਿਆਨ।<br>3. ਆਹਾਰ ਨਿਯੋਜਨ ਬਾਰੇ ਜਾਣਕਾਰੀ।<br>4. ਖਾਣਾ ਪਕਾਉਣ ਸੰਬੰਧੀ ਜਾਣਕਾਰੀ।<br>5. ਉਚਿਤ ਢੰਗ ਨਾਲ ਖਾਣਾ ਪਰੋਸਣ ਦਾ ਗਿਆਨ। |
| 343 | ਕਿੰਨ੍ਹਾਂ-ਕਿੰਨ੍ਹਾਂ ਕਾਰਨਾਂ ਕਰਕੇ ਬਹੁ-ਗਿਣਤੀ ਲੋਕਾਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ?<br>ਉੱਤਰ: ਭਾਰਤ ਵਿੱਚ ਮਹਿੰਗਾਈ, ਅਨਪੜ੍ਹਤਾ ਅਤੇ ਭੋਜਨ ਪਦਾਰਥਾਂ ਦੇ ਮਹਿੰਗੇ ਹੋਣ ਕਾਰਨ ਅਤੇ ਸਹੀ ਜਾਣਕਾਰੀ ਨਾ ਹੋਣ ਕਾਰਨ ਲੋਕ ਅਜਿਹੇ ਭੋਜਨ ਪਦਾਰਥਾਂ ਦੀ ਚੋਣ ਕਰਦੇ ਹਨ ਜਿਨ੍ਹਾਂ ਵਿੱਚ ਕਾਰਬੋਹਾਈਡ੍ਰੇਟਸ ਦੀ ਮਾਤਰਾ ਅਧਿਕ ਹੁੰਦੀ ਹੈ। |
| 344 | ਸਬਜ਼ੀਆਂ ਅਤੇ ਫਲਾਂ ਵਿੱਚ ਕਿਹੜੇ ਕਿਹੜੇ ਪੋਸ਼ਟਿਕ ਤੱਤ ਹੁੰਦੇ ਹਨ?<br>ਉੱਤਰ: ਜੜ੍ਹ ਵਾਲੀਆਂ ਸਬਜ਼ੀਆਂ ਵਿੱਚ ਵਿਟਾਮਿਨ ਸੀ ਚੰਗੀ ਮਾਤਰਾ ਵਿੱਚ ਹੁੰਦੇ ਹਨ। ਗਾਜਰ ਅਤੇ ਸ਼ਕਰਕੰਦੀ ਵਿਟਾਮਿਨ ਏ ਦਾ ਸ੍ਰੋਤ ਹਨ। ਹਰੇ ਪੱਤੇਦਾਰ ਸਬਜੀਆਂ ਕੈਲਸ਼ੀਅਮ, ਲੋਹਾ, ਵਿਟਾਮਿਨ ਬੀ ਅਤੇ ਸੀ ਭਰਪੂਰ ਹੁੰਦੀਆਂ ਹਨ। ਫ਼ਲ ਆਮ ਤੌਰ ਤੇ ਵਿਟਾਮਿਨ ਪ੍ਰਾਪਤੀ ਦਾ ਸ੍ਰੋਤ ਹਨ। ਆਂਵਲਾ ਵਿਟਾਮਿਨ ਸੀ ਦਾ ਸਭ ਤੋਂ ਵਧੀਆ ਸਾਧਨ ਹੈ। |
| | ਪਾਠ-8<br>ਪਰਿਵਾਰ |
| 345 | ਇਕਾਈ ਪਰਿਵਾਰ ਦੇ ਨੁਕਸਾਨ ਦੱਸੋ?<br>ਉੱਤਰ :<br>1. ਸਾਰੇ ਘਰ ਦਾ ਬੋਝ ਇਸਤਰੀ ਤੇ ਅਤੇ ਬਾਹਰ ਦੇ ਕੰਮਾਂ ਦਾ ਬੋਝ ਪੁਰਸ਼ ਤੇ ਹੁੰਦਾ ਹੈ।<br>2. ਬੱਚਿਆਂ ਕੋਲ ਭਾਵਨਾਤਮਕ ਸੰਤੁਸ਼ਟੀ ਲਈ ਸਿਰਫ ਮਾਂ-ਬਾਪ ਹੀ ਹੁੰਦੇ ਹਨ। |
| 346 | ਬੱਚਿਆਂ ਵਿੱਚ ਫਾਸਲਾ ਕਿੰਨੀ ਦੇਰ ਦਾ ਕਰਨਾ ਚਾਹੀਦਾ ਹੈ?<br>ਉੱਤਰ :ਇੱਕ ਬੱਚੇ ਤੋਂ ਦੂਜੇ ਬੱਚੇ ਦੇ ਜਨਮ ਵਿਚਾਰ ਲੋੜੀਂਦਾ ਫਾਸਲਾ ਹੋਣਾ ਬਹੁਤ ਜ਼ਰੂਰੀ ਹੈ। |

| | |
|---|---|
| | ਮਾਹਿਰਾਂ ਅਨੁਸਾਰ ਦੋ ਬੱਚਿਆਂ ਦੇ ਜਨਮ ਚ ਘੱਟੋ-ਘੱਟ ਤਿੰਨ ਸਾਲ ਦਾ ਫਾਸਲਾ ਹੋਣਾ ਮਾਂ ਤੇ ਬੱਚੇ ਦੀ ਸਿਹਤ ਤੇ ਘਰ ਦੀ ਖੁਸ਼ਹਾਲੀ ਲਈ ਜ਼ਰੂਰੀ ਹੈ। |
| 347 | ਛੋਟੇ ਪਰਿਵਾਰ ਦਾ ਕੀ ਮਹੱਤਵ ਹੈ?<br>ਉੱਤਰ :ਬੱਚਿਆਂ ਦੀ ਸਹੀ ਸਾਂਭ-ਸੰਭਾਲ ਲਈ ਜ਼ਰੂਰੀ ਹੈ ਕਿ ਪਰਿਵਾਰ ਛੋਟਾ ਹੋਵੇ, ਸੀਮਿਤ ਸਾਧਨਾਂ ਕਾਰਨ ਬਹੁਤ ਸਾਰੇ ਬੱਚਿਆਂ ਦੀ ਸਾਂਭ ਸੰਭਾਲ ਕਰਨੀ ਵੀ ਔਖੀ ਹੈ। |
| 348 | ਸੰਯੁਕਤ ਪਰਿਵਾਰ ਦੇ ਲਾਭ ਦੱਸੋ?<br>ਉੱਤਰ :<br>1. ਇੱਕਠੇ ਰਹਿਣ ਨਾਲ ਖਰਚ ਘੱਟ ਹੁੰਦਾ ਹੈ।<br>2. ਕੰਮ ਦੀ ਠੀਕ ਵੰਡ ਕਰਕੇ ਸਮੇਂ ਦੀ ਘਾਟ ਮਹਿਸੂਸ ਨਹੀਂ ਹੁੰਦੀ।<br>3. ਜਮੀਨ ਜਾਂ ਹੋਰ ਜਾਇਦਾਦ ਦੀ ਵੰਡ ਨਹੀਂ ਹੁੰਦੀ। |
| | ਪਾਠ-9<br>(ਗਰਭ ਅਵਸਥਾ) |
| 349 | ਗਰਭ ਅਵਸਥਾ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ :ਗਰਭ ਅਵਸਥਾ ਗਰਭ ਧਾਰਨ ਤੋਂ ਲੈ ਕੇ ਜਨਮ ਤੱਕ ਦੇ ਸਮੇਂ ਨੂੰ ਕਿਹਾ ਜਾਂਦਾ ਹੈ ਜੋ ਕਿ ਆਮ ਤੌਰ ਤੇ 360 ਦਿਨ ਦਾ ਹੁੰਦਾ ਹੈ ਪਰ ਕਈ ਵਾਰ ਕਈ ਕਾਰਨਾਂ ਕਰਕੇ ਇਹ ਸਮਾਂ ਘੱਟੋ-ਘੱਟ 190 ਦਿਨ ਅਤੇ ਵੱਧ ਤੋਂ ਵੱਧ 330 ਦਿਨ ਵੀ ਹੋ ਸਕਦਾ ਹੈ। |
| 350 | ਪਲੈਸੈਂਟਾ ਕੀ ਹੁੰਦਾ ਹੈ?<br>ਉੱਤਰ :ਪਲੈਸੈਂਟਾ ਇੱਕ ਪਾਸੇ ਬੱਚੇਦਾਨੀ ਤੇ ਦੂਸਰੇ ਪਾਸੇ ਬੱਚੇ ਦੇ ਨਾੜੂ ਨਾਲ ਜੁੜਿਆ ਹੁੰਦਾ ਹੈ। ਪਲੈਸੈਟਾ ਹੀ ਹੋਣ ਵਾਲੇ ਬੱਚੇ ਨੂੰ ਮਾਂ ਦੇ ਸਰੀਰ ਤੋਂ ਖੁਰਾਕ ਪਹੁੰਚਾਉਂਦਾ ਹੈ। |
| 351 | ਨਾੜੂ ਕੀ ਹੈ?<br>ਉੱਤਰ :ਨਾੜੂ ਇੱਕ ਪਾਸੇ ਐਮਬਰੀਓ ਦੇ ਪੇਟ ਦੀ ਦੀਵਾਰ ਨਾਲ ਅਤੇ ਦੂਜੇ ਪਾਸੇ ਪਲੇਸੈਂਟਾ ਨਾਲ ਜੁੜਿਆ ਹੁੰਦਾ ਹੈ। ਇਹ ਇੱਕ ਰੱਸੀ ਦੀ ਬਣਤਰ ਦਾ ਹੁੰਦਾ ਹੈ। ਗਰਭ ਦੇ ਅਖੀਰ ਤੱਕ ਇਹ 10 ਤੋਂ 20 ਇੰਚ ਤੱਕ ਹੋ ਜਾਂਦਾ ਹੈ। |
| 352 | ਐਮਨੀਉਟਿਕ ਸੈੱਲ ਦਾ ਗਰਭ ਸਮੇਂ ਕੀ ਕੰਮ ਹੁੰਦਾ ਹੈ?<br>ਉੱਤਰ :ਇਹ ਇੱਕ ਥੈਲੀ ਵਾਂਗ ਹੁੰਦਾ ਹੈ। ਇਸ ਵਿੱਚ ਲੇਸਦਾਰ ਤਰਲ ਪਦਾਰਥ ਹੁੰਦਾ ਹੈ ਜਿਸ |



Maprest Kaur
Ramandeep Kaur

| | |
|---|---|
| | ਵਿੱਚ ਬੱਚਾ ਰਹਿੰਦਾ ਹੈ। ਇਹ ਤਰਲ ਪਦਾਰਥ ਬੱਚੇ ਨੂੰ ਸੱਟ ਲੱਗਣ ਤੋਂ ਬਚਾਉਂਦਾ ਹੈ। |
| 353 | ਗਰਭ ਅਵਸਥਾ ਦੌਰਾਨ ਮਾਂ ਦੀ ਸਿਹਤ ਦਾ ਬੱਚੇ ਤੇ ਕੀ ਅਸਰ ਪੈਂਦਾ ਹੈ?<br>ਉੱਤਰ :ਮਾਂ ਦੀ ਸਿਹਤ ਦਾ ਭਰੂਣ ਦੇ ਵਾਧੇ ਨਾਲ ਸਿੱਧਾ ਸਬੰਧ ਹੈ। ਜੇਕਰ ਮਾਂ ਨੂੰ ਕੋਈ ਛੂਤ ਵਾਲੀ ਬਿਮਾਰੀ ਜਾਂ ਕੋਈ ਹੋਰ ਭਿਆਨਕ ਬਿਮਾਰੀ ਹੋਵੇ ਤਾਂ ਬੱਚਾ ਅੰਨਾ, ਗੁੰਗਾ ਜਾਂ ਬੋਲਾ ਵੀ ਹੋ ਸਕਦਾ ਅਤੇ ਰੋਗੀ ਵੀ। |
| 354 | ਗਰਭ ਅਵਸਥਾ ਦੌਰਾਨ ਨਸ਼ੀਲੇ ਪਦਾਰਥਾਂ ਦੇ ਸੇਵਨ ਦਾ ਕੀ ਅਸਰ ਪੈਂਦਾ ਹੈ?<br>ਉੱਤਰ :ਜੇ ਗਰਭ ਅਵਸਥਾ ਦੌਰਾਨ ਮਾਂ ਸਿਗਰਟ, ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਕਰਦੀ ਹੈ ਤਾਂ ਬੱਚਾ ਦਿਮਾਗੀ ਤੌਰ ਤੇ ਰੋਗੀ ਹੋ ਸਕਦਾ ਹੈ ਤੇ ਉਸ ਦੇ ਦਿਲ ਦੀ ਧੜਕਨ ਆਮ ਬੱਚਿਆਂ ਨਾਲੋਂ ਤੇਜ਼ ਹੋ ਸਕਦੀ ਹੈ। |
| | ਪਾਠ-10 (ਵਸਤਰ ਵਿਗਿਆਨ) |
| 355 | ਛੋਟੇ ਰੇਸ਼ੇ ਕੀ ਹੁੰਦੇ ਹਨ?<br>ਉੱਤਰ :ਇਹਨਾਂ ਰੇਸ਼ਿਆਂ ਦੀ ਲੰਬਾਈ ਛੋਟੀ ਹੁੰਦੀ ਹੈ। ਇਹ ਆਮ ਤੋਰ ਤੇ ¼ ਤੋਂ ਲੈ ਕੇ 18 ਇੰਚ ਤੱਕ ਲੰਬੇ ਹੁੰਦੇ ਹਨ। ਸਿਲਕ ਤੋਂ ਇਲਾਵਾ ਸਾਰੇ ਕੁਦਰਤੀ ਰੇਸ਼ੇ ਸਟੇਪਲ ਰੇਸ਼ੇ (ਛੋਟੇ ਰੇਸ਼ੇ) ਹੁੰਦੇ ਹਨ। |
| 356 | ਸੈਲੂਲੋਜ਼ ਰੇਸ਼ੇ ਕਿਹੜੇ ਕਿਹੜੇ ਹੁੰਦੇ ਹਨ?<br>ਉੱਤਰ :ਸੈਲੂਲੋਜ਼ ਰੇਸ਼ੇ ਕਪਾਹ ਦੇ ਰੇਸ਼ਿਆਂ ਜਾਂ ਲੱਕੜੀ ਦੇ ਗੁੱਦੇ ਨੂੰ ਬਨਾਵਟੀ ਰੇਸ਼ੇ ਨਾਲ ਰਲਾ ਕੇ ਤਿਆਰ ਹੁੰਦੇ ਹਨ। ਰੇਆਨ ਦੀਆਂ ਵੱਖ-ਵੱਖ ਕਿਸਮਾਂ ਹਨ ਜਿਵੇਂ ਕਿ ਵਿਸਕੋਜ਼, ਕਿਉਪਰਾਮੋਨੀਅਮ ਅਤੇ ਨਾਈਟਰੋ ਸੈਲੂਲੋਜ਼। |
| 357 | ਥਰਮੋਪਲਾਸਟਿਕ ਰੇਸ਼ੇ ਕੀ ਹੁੰਦੇ ਹਨ?<br>ਉੱਤਰ :ਥਰਪੋਪਲਾਸਟਿਕ ਰੇਸ਼ੇ ਬਣਾਵਟੀ ਰੇਸ਼ੇ ਹਨ ਭਾਵ ਮਨੁੱਖ ਦੁਆਰਾ ਬਣਾਏ ਹੋਏ, ਇਹ ਰੇਸ਼ੇ ਗਰਮੀ ਨਾਲ ਸੜਨ ਦੀ ਬਜਾਏ ਪਿਘਲ ਜਾਂਦੇ ਹਨ, ਇਸ ਕਰਕੇ ਇਹਨਾਂ ਨੂੰ ਥਰਮੋਪਲਾਸਟਿਕ ਰੇਸ਼ੇ ਕਿਹਾ ਜਾਂਦਾ ਹੈ। |
| 358 | ਧਾਤ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ ਹਨ?<br>ਉੱਤਰ :ਗੋਟੇ ਅਤੇ ਜਰੀ ਦੇ ਰੇਸ਼ੇ ਸੋਨਾ, ਚਾਂਦੀ ਅਤੇ ਐਲੂਮੀਨੀਅਮ ਧਾਤਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ। ਇਨਾਂ ਧਾਤਾਂ ਨੂੰ ਪਿਘਲਾ ਕੇ ਬਾਰੀਕ ਰੇਸ਼ੇ ਤਿਆਰ ਕੀਤੇ ਜਾਂਦੇ ਹਨ। ਪਰ ਅੱਜ |

| | |
|---|---|
| | ਕੱਲ ਐਲੂਮੀਨੀਅਮ ਦੇ ਰੇਸ਼ੇ ਬਣਾ ਕੇ ਉਨ੍ਹਾਂ ਉਪਰ ਸੋਨੇ ਅਤੇ ਚਾਂਦੀ ਦੀ ਪਰਤ ਚੜਾਈ ਜਾਂਦੀ ਹੈ। |
| 359 | ਮਿਸ਼ਰਤ ਰੇਸ਼ੇ ਦੋ ਵੱਖ-ਵੱਖ ਤਰ੍ਹਾਂ ਦੇ ਰੇਸ਼ੇ ਮਿਲਾ ਕੇ ਤਿਆਰ ਹੁੰਦੇ ਹਨ ਜਿਵੇਂ ਕਪਾਹ ਅਤੇ ਉੱਤਰ :ਪਟਸਨ ਆਦਿ ਨਾਲ ਪੋਲਿਸਟਰ ਜਾਂ ਟੈਰੀਲੀਨ ਮਿਲਾ ਕੇ ਮਿਸ਼ਰਤ ਰੇਸ਼ੇ ਤਿਆਰ ਹੁੰਦੇ ਹਨ। |
| | 5-8 ਲਾਈਨਾਂ ਵਾਲੇ ਪ੍ਰਸ਼ਨ ਉੱਤਰ<br>ਪਾਠ-1 (ਗ੍ਰਹਿ ਵਿਵਸਥਾ) |
| 360 | ਘਰ ਦੇ ਚੰਗੇ ਪ੍ਰਬੰਧ ਸਬੰਧੀ ਜਾਣਕਾਰੀ ਕਿੱਥੋਂ ਲਈ ਜਾ ਸਕਦੀ ਹੈ?<br>ਉੱਤਰ :ਘਰ ਦਾ ਸੁਚੱਜਾ ਪ੍ਰਬੰਧ ਕੋਈ ਬੱਚਿਆਂ ਦੀ ਖੇਡ ਨਹੀਂ ਹੈ। ਇਸ ਲਈ ਗ੍ਰਹਿਣੀ ਨੂੰ ਘਰ ਦੇ ਸਾਰੇ ਵਸੀਲਿਆਂ ਨੂੰ ਸੂਝ-ਬੂਝ ਨਾਲ ਵਰਤਣ ਦੀ ਜਾਣਕਾਰੀ ਦਾ ਹੋਣਾ ਅਤਿ ਜ਼ਰੂਰੀ ਹੈ। ਪੁਰਾਣੇ ਸਮਿਆਂ ਵਿੱਚ ਇਹ ਜਾਣਕਾਰੀ ਪਰਿਵਾਰ ਦੇ ਵੱਡੇ ਵਡੇਰਿਆਂ ਤੋਂ ਪ੍ਰਾਪਤ ਹੋ ਜਾਂਦੀ ਸੀ। ਪਰ ਅੱਜ-ਕੱਲ੍ਹ ਇਸ ਜਾਣਕਾਰੀ ਦੇ ਕਈ ਹੋਰ ਸਾਧਨ ਵੀ ਹਨ। ਸਕੂਲਾਂ ਤੇ ਕਾਲਜਾਂ ਵਿੱਚ ਗ੍ਰਹਿ ਵਿਗਿਆਨ ਦਾ ਵਿਸ਼ਾ ਪੜ੍ਹਾਇਆ ਜਾਂਦਾ ਹੈ। ਜਿੱਥੇ ਗ੍ਰਹਿ ਪ੍ਰਬੰਧ ਨਾਲ ਸੰਬੰਧਤ ਗਿਆਨ ਪ੍ਰਦਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਮੈਗਜ਼ੀਨ ਆਦਿ ਤੋਂ ਚੰਗੇ ਗ੍ਰਹਿ ਪ੍ਰਬੰਧ ਦੀ ਜਾਣਕਾਰੀ ਮਿਲਦੀ ਹੈ। |
| 361 | ਵਿਗਿਆਨ ਦੀ ਤਰੱਕੀ ਨਾਲ ਗ੍ਰਹਿ ਵਿਵਸਥਾ ਕਿਵੇਂ ਜੁੜੀ ਹੋਈ ਹੈ?<br>ਉੱਤਰ :ਵਿਗਿਆਨ ਦੀ ਤਰੱਕੀ ਨਾਲ ਗ੍ਰਹਿ ਪ੍ਰਬੰਧ ਵਿੱਚ ਕਈ ਵਧੀਆਂ ਤਬਦੀਲੀਆਂ ਆਈਆਂ ਹਨ। ਅੱਜ ਕੱਲ ਬਜ਼ਾਰ ਵਿੱਚ ਕਈ ਅਜਿਹੇ ਉਪਕਰਨ ਮਿਲਦੇ ਹਨ ਜਿਨ੍ਹਾਂ ਨਾਲ ਗ੍ਰਹਿਣੀ ਦਾ ਸਮਾਂ ਤੇ ਸ਼ਕਤੀ ਦੋਵਾਂ ਦੀ ਬਹੁਤ ਬੱਚਤ ਹੁੰਦੀ ਹੈ: ਜਿਵੇਂ ਮਿਕਸੀ ਆਟਾ ਗੁੰਨ੍ਹਣ ਦੀ ਮਸ਼ੀਨ, ਕੱਪੜੇ ਧੋਣ ਵਾਲੀ ਮਸ਼ੀਨ, ਫਰਿਜ, ਮਾਈਕਰੋਵੇਵ ਓਵਨ ਆਦਿ। ਇਹਨਾਂ ਉਪਕਰਨਾਂ ਦੀ ਠੀਕ ਵਰਤੋਂ ਕਰਕੇ ਗ੍ਰਹਿਣੀਆਂ ਆਪਣੇ ਗ੍ਰਹਿ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾ ਸਕਦੀਆਂ ਹਨ। |
| 362 | ਸਮੇਂ ਸਮੇਂ ਕਿਸਮ ਅਨੁਸਾਰ ਟੀਚਿਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ :ਸਮੇਂ ਅਨੁਸਾਰ ਟੀਚਿਆਂ ਨੂੰ ਦੋ ਭਾਗਾਂ ਵਿੱਚ ਵੰਡਿਆਂ ਜਾ ਸਕਦਾ ਹੈ:<br>1. ਛੋਟੇ ਅਰਸੇ ਦੇ ਟੀਚੇ : ਜਿਵੇਂ ਬੱਚਿਆਂ ਨੂੰ ਸਕੂਲ ਭੇਜਣਾ, ਕੰਮ ਤੇ ਜਾਣਾ ਤੇ ਘਰ ਦੇ |

| | |
|---|---|
| | ਹੋਰ ਰੋਜ਼ਾਨਾ ਕੰਮ ਧੰਦੇ।<br>2. ਲੰਬੇ ਅਰਸੇ ਦੇ ਟੀਚੇ : ਜਿਵੇਂ ਮਕਾਨ ਬਣਾਉਣਾ, ਬੱਚਿਆਂ ਦੇ ਵਿਆਹ ਕਰਨਾ।<br>ਟੀਚਿਆਂ ਦੀ ਕਿਸਮ ਅਨੁਸਾਰ ਇਹਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-<br>1. ਵਿਅਕਤੀਗਤ ਟੀਚੇ<br>2. ਪਰਿਵਾਰਿਕ ਟੀਚੇ<br>ਵਿਅਕਤੀਗਤ ਟੀਚੇ: ਜਿਵੇਂ ਵੱਡੇ ਬੱਚੇ ਨੇ ਡਾਕਟਰ ਬਣਨਾ ਹੈ।<br>ਪਰਿਵਾਰਿਕ ਟੀਚੇ: ਜਿਵੇਂ ਪਰਿਵਾਰ ਲਈ ਘਰ ਬਣਾਉਣਾ ਹੈ।<br>ਇਹਨਾਂ ਟੀਚਿਆਂ ਦੀ ਪੂਰਤੀ ਲਈ ਪਰਿਵਾਰ ਦੇ ਸਾਧਨਾਂ ਦੀ ਯੋਗ ਵਰਤੋਂ ਆਦਿ ਜਰੂਰੀ ਹੈ। |
| 363 | ਚੰਗੀ ਗ੍ਰਹਿ ਵਿਵਸਥਾ ਦਾ ਕੀ ਮਹੱਤਵ ਹੈ?<br>ਉੱਤਰ :ਪਰਿਵਾਰ ਦੀ ਸੁੱਖ ਸਾਂਤੀ ਦੇ ਖੁਸ਼ਹਾਲੀ ਲਈ ਚੰਗੀ ਗ੍ਰਹਿ ਵਿਵਸਥਾ ਦਾ ਹੋਣਾ ਜ਼ਰੂਰੀ ਹੈ। ਹੇਠ ਲਿਖੇ ਕਾਰਨਾਂ ਕਰਕੇ ਚੰਗੀ ਵਿਵਸਥਾ ਸਾਡੀ ਜ਼ਿੰਦਗੀ ਲਈ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ:<br>1. ਘਰ ਨੂੰ ਖੂਬਸੂਰਤ ਤੇ ਖੁਸ਼ਹਾਲ ਬਣਾਉਣਾ: ਚੰਗੀ ਗ੍ਰਹਿ ਵਿਵਸਥਾ ਨਾਲ ਹੀ ਘਰ ਵਧੇਰੇ ਸੋਹਣਾ, ਜੋਸ਼ੀਲਾ ਤੇ ਖੁਸ਼ਹਾਲ ਹੋ ਸਕਦਾ ਹੈ। ਜੇ ਵਿਵਸਥਾ ਚੰਗੀ ਹੋਵੇ ਤਾਂ ਘੱਟ ਸਾਧਨਾਂ ਨਾਲ ਵੀ ਪਰਿਵਾਰ ਖੁਸ਼ੀ ਤੇ ਤਰੱਕੀ ਪ੍ਰਾਪਤ ਕਰ ਸਕਦਾ ਹੈ।<br>2. ਸਿਹਤ ਸੰਭਾਲ: ਚੰਗੀ ਗ੍ਰਹਿ ਵਿਵਸਥਾ ਨਾਲ ਪਰਿਵਾਰ ਦੇ ਮੈਂਬਰਾਂ ਦੀ ਸਿਹਤ ਚੰਗੀ ਰਹਿ ਸਕਦੀ ਹੈ। ਸੰਤੁਲਿਤ ਖੁਰਾਕ, ਸਫਾਈ ਆਦਿ ਇੱਕ ਚੰਗੀ ਵਿਵਸਥਾ ਵਾਲੇ ਘਰ ਵਿੱਚ ਪ੍ਰਾਪਤ ਹੁੰਦੀਆਂ ਹਨ।<br>ਇਸ ਤੋਂ ਇਲਾਵਾ ਪਰਿਵਾਰ ਨੂੰ ਆਨੰਦਮਈ ਬਣਾਉਣਾ, ਸਾਧਨਾਂ ਦੀ ਸਹੀ ਵਰਤੋਂ ਅਤੇ ਆਪਸੀ ਪਿਆਰ ਇੱਕ ਚੰਗੀ ਵਿਵਸਥਾ ਵਿੱਚ ਹੀ ਸੰਭਵ ਹੋ ਸਕਦਾ ਹੈ। |
| 364 | ਚੰਗੇ ਪ੍ਰਬੰਧਕ ਵਿੱਚ ਕੀ ਗੁਣ ਹੋਣੇ ਚਾਹੀਦੇ ਹਨ?<br>ਉੱਤਰ :ਗ੍ਰਹਿ ਪ੍ਰਬੰਧਕ ਦੇ ਗੁਣ ਤੇ ਔਗੁਣ ਕਿਸੇ ਘਰ ਨੂੰ ਸਵਰਗ ਬਣਾ ਸਕਦੇ ਹਨ ਤੇ ਕਿਸੇ ਨੂੰ ਨਰਕ। ਘਰ ਨੂੰ ਸਮਾਜਿਕ ਗੁਣਾਂ ਦਾ ਪੰਘੂੜਾ ਕਿਹਾ ਜਾਂਦਾ ਹੈ। ਹਰ ਇਨਸਾਨ ਦੀ ਮੁੱਢਲੀ ਸਖ਼ਸੀਅਤ ਘਰ ਵਿੱਚ ਬਣਦੀ ਹੈ। ਇਸ ਲਈ ਘਰ ਦਾ ਮਾਹੌਲ ਬਹੁਤ ਮਹੱਤਵਪੂਰਨ ਭੂਮਿਕਾ |

| | |
|---|---|
| | ਅਦਾ ਕਰਦਾ ਹੈ। ਵਧੀਆ ਪਰਿਵਾਰਿਕ ਵਿਵਸਥਾ ਜਾਂ ਵਾਤਾਵਰਨ ਪੈਦਾ ਕਰਨ ਲਈ ਗ੍ਰਹਿ ਪ੍ਰਬੰਧਕ ਵਿਚ ਹੇਠ ਲਿਖੀਆਂ ਯੋਗਤਾਵਾਂ ਜਾਂ ਗੁਣਾਂ ਦਾ ਹੋਣਾ ਜਰੂਰੀ ਹੈ:<br>1. ਮਾਨਸਿਕ ਗੁਣ (Psychological Qualities)<br>2. ਸਰੀਰਕ ਗੁਣ (Physical Qualities)<br>3. ਸਮਾਜਿਕ ਤੇ ਨੈਤਿਕ ਗੁਣ (Social & Moral Qualities)<br>4. ਬਾਹਰੀ ਗੁਣ (Outdoor Qualities)<br>5. ਗ੍ਰਹਿਣਸ਼ੀਲਤਾ (Adaptabilityty)<br>6. ਕੰਮ ਵਿੱਚ ਨਿਪੁੰਨਤਾ (Efficient Worker) |
| 365 | ਚੰਗੇ ਗ੍ਰਹਿ ਪ੍ਰਬੰਧਕ ਵਿੱਚ ਸੋਚਣ ਅਤੇ ਨਿਰਣਾ ਸ਼ਕਤੀ ਦਾ ਹੋਣਾ ਕਿਉਂ ਜ਼ਰੂਰੀ ਹੈ?<br>ਉੱਤਰ :ਚੰਗੇ ਗ੍ਰਹਿ ਪ੍ਰਬੰਧਕ ਵਿੱਚ ਸੋਚਣ ਅਤੇ ਨਿਰਣਾ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਮੌਕੇ ਮੁਤਾਬਕ ਸਹੀ ਫੈਸਲੇ ਲੈ ਸਕੇ ਜਿਵੇਂ ਜੇ ਪਰਿਵਾਰ ਦੇ ਮੈਂਬਰ ਖਾਣਾ ਖਾਣ ਬੈਠਦੇ ਹਨ ਅਤੇ ਅਚਾਨਕ ਕੋਈ ਰਿਸ਼ਤੇਦਾਰ ਆ ਜਾਂਦਾ ਹੈ ਤਾਂ ਉਸ ਵੇਲੇ ਗ੍ਰਹਿਣੀ ਨੇ ਬਹੁਤ ਜਲਦੀ ਫੈਸਲਾ ਕਰਨਾ ਹੁੰਦਾ ਹੈ ਕਿ ਥੋੜੇ ਸਮੇਂ ਵਿੱਚ ਘਰ ਵਿੱਚ ਮੌਜੂਦ ਚੀਜ਼ਾਂ ਇਸਤੇਮਾਲ ਕਰਕੇ ਹੀ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਤਜ਼ਰਬਾ ਅਤੇ ਹਰ ਗੱਲ ਨੂੰ ਗਹਿਰਾਈ ਨਾਲ ਸਮਝਣ ਨਾਲ ਇਨਾਂ ਸ਼ਕਤੀਆਂ ਵਿੱਚ ਵਾਧਾ ਹੁੰਦਾ ਹੈ ਜਿਵੇਂ ਜੇ ਪਰਿਵਾਰ ਪਿਕਨਿਕ ਮਨਾਉਣ ਲਈ ਬਾਹਰ ਜਾ ਰਿਹਾ ਹੈ ਤਾਂ ਗ੍ਰਹਿਣੀ ਨੂੰ ਸੋਚ ਕੇ ਨਿਰਣਾ ਲੈਣਾ ਪਏਗਾ ਕਿ ਕਿਹੜੀ ਚੀਜ਼ ਅਸਾਨੀ ਨਾਲ ਚੁੱਕ ਕੇ ਲਿਜਾਈ ਜਾ ਸਕਦੀ ਹੈ। ਬਰਤਨ ਕਿਹੜੇ ਲੈ ਜਾਣੇ ਹਨ, ਬੱਚਿਆਂ ਦੇ ਖੇਡਣ ਲਈ ਕੀ ਲੈਣਾ ਹੈ, ਆਦਿ। |
| 366 | ਘਰ ਲਈ ਇਲਾਕੇ ਦੇ ਚੋਣ ਕਿਵੇਂ ਮਹੱਤਵਪੂਰਨ ਹੈ?<br>ਉੱਤਰ :ਘਰ ਲਈ ਜਗ੍ਹਾ ਦੀ ਚੋਣ ਸਭ ਤੋਂ ਮਹੱਤਵਪੂਰਨ ਹੈ ਕਿਉਂਕਿ ਮਕਾਨ ਨੂੰ ਵਾਰ-ਵਾਰ ਬਣਾਉਣਾ ਔਖਾ ਕੰਮ ਹੈ। ਇਸ ਲਈ ਮਕਾਨ ਬਣਾਉਣ ਵੇਲੇ ਜਗ੍ਹਾ ਦੀ ਚੋਣ ਵੇਲੇ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ:<br>1.ਜਗ੍ਹਾ ਸਰਕਾਰ ਵਲੋਂ ਪ੍ਰਮਾਣਿਤ ਹੋਵੇ।<br>2. ਸਾਫ-ਸੁਥਰੀ ਹੋਵੇ ਅਤੇ ਉਚਾਈ ਤੇ ਹੋਵੇ।<br>3. ਫੈਕਟਰੀਆਂ ਦੇ ਨੇੜੇ ਨਾ ਹੋਵੇ। |

| | |
|---|---|
| | 4. ਲੋੜੀਂਦੀਆਂ ਸਹੂਲਤਾਂ ਨੇੜੇ ਹੋਣ। |
| 367 | ਘਰ ਲਈ ਜਗ੍ਹਾ (ਸਥਾਨ) ਦੀ ਚੋਣ ਕਰਦੇ ਸਮੇਂ ਕਿੰਨਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?<br>ਉੱਤਰ :ਘਰ ਦੀ ਜਗ੍ਹਾ ਦੀ ਚੋਣ ਸਭ ਤੋਂ ਵੱਧ ਮਹੱਤਵਪੂਰਨ ਹੈ ਕਿਉਂਕਿ ਮਕਾਨ ਵਾਰ-ਵਾਰ ਨਹੀਂ ਬਣਾਏ ਜਾਂਦੇ। ਇਸ ਲਈ ਘਰ ਦੀ ਜਗ੍ਹਾ ਦੀ ਚੋਣ ਕਰਦੇ ਸਮੇਂ ਹੇਠ ਲਿਖਿਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:<br>1. ਜਗ੍ਹਾ ਸਰਕਾਰ ਦੀ ਪ੍ਰਵਾਨਗੀ ਵਾਲੀ ਹੋਵੇ।<br>2. ਘਰ ਦਾ ਆਲਾ-ਦੁਆਲਾ ਸਾਫ਼-ਸੁਥਰਾ ਹੋਣਾ ਚਾਹੀਦਾ ਹੈ।<br>3. ਮਕਾਨ ਦੀ ਜਗ੍ਹਾ ਥੋੜੀ ਉੱਚੀ ਹੋਵੇ।<br>4. ਘਰ ਦੀ ਰੋਸ਼ਨੀ ਤੇ ਹਵਾ ਵਾਲੀ ਜਗ੍ਹਾ ਤੇ ਹੋਵੇ।<br>5. ਘਰ ਰੇਲਵੇ ਲਾਈਨ ਅਤੇ ਵੱਡੇ ਸੜਕ ਦੇ ਨੇੜੇ ਨਹੀਂ ਹੋਣਾ ਚਾਹੀਦਾ।<br>6. ਰੋਜ਼ਾਨਾ ਸਹੂਲਤਾਂ ਨੇੜੇ ਹੋਣੀਆਂ ਚਾਹੀਦੀਆਂ ਹਨ। |
| 368 | ਵਿੱਤੀ ਪ੍ਰਬੰਧ ਕਿਹੜੀਆਂ-ਕਿਹੜੀਆਂ ਏਜੰਸੀਆਂ ਤੋਂ ਕੀਤਾ ਜਾ ਸਕਦਾ ਹੈ?<br>ਉੱਤਰ :ਘਰ ਬਣਾਉਣ ਜਾਂ ਖਰੀਦਣ ਸਮੇਂ ਬਹੁਤ ਜ਼ਿਆਦਾ ਧਨ ਦੀ ਲੋੜ ਹੁੰਦੀ ਹੈ ਕਿਉਂਕਿ ਘਰ ਬਣਾਉਣ ਲਈ ਜਗ੍ਹਾ ਦੀ ਕੀਮਤ, ਬਿਲਡਿੰਗ ਬਣਾਉਣ ਲਈ ਸਾਮਾਨ ਦੀ ਕੀਮਤ, ਮਜ਼ਦੂਰ ਅਤੇ ਆਰਕੀਟੈਕਟ ਵਗੈਰਾ ਨੂੰ ਦੇਣ ਲਈ ਪੈਸਾ ਚਾਹੀਦਾ ਹੈ। ਉਂਝ ਵੀ ਕਮਾਨ ਬਣਾਉਣੇ ਸਮੇਂ ਕਈ ਵਾਰ ਕੀਮਤਾਂ ਇੰਨੀਆਂ ਵੱਧ ਜਾਂਦੀਆਂ ਹਨ ਕਿ ਖਰਚਾ ਬਜਟ ਤੋਂ ਬਾਹਰ ਚਲਿਆ ਜਾਂਦਾ ਹੈ। ਜੇਕਰ ਇਹ ਸਾਰਾ ਧਨ ਇੱਕਠਾ ਕਰਕੇ ਘਰ ਖਰੀਦਣਾ ਹੋਵੇ ਤਾਂ ਹੋ ਸਕਦਾ ਹੈ ਆਦਮੀ ਦੀ ਇਹ ਇੱਛਾ ਕਦੀ ਵੀ ਪੂਰੀ ਨਾ ਹੋਵੇ, ਇਸ ਲਈ ਧਨ ਦਾ ਪ੍ਰਬੰਧ ਕਰਨ ਲਈ ਕਰਜ਼ਾ ਲੈਣਾ ਪੈ ਸਕਦਾ ਹੈ। ਇਹ ਕਰਜ਼ਾ ਹੇਠ ਦਰਜ ਏਜੰਸੀਆਂ ਤੋਂ ਲਿਆ ਜਾ ਸਕਦਾ ਹੈ:-<br>1. ਬੈਂਕ<br>2. ਟਰੱਸਟ<br>3. ਲਾਈਫ ਇਨਸ਼ੋਰੈਸ ਕੰਪਨੀਆਂ<br>4. ਸਰਕਾਰੀ ਸੋਸਾਈਟੀਆਂ<br>5. ਗੈਰ ਸਰਕਾਰੀ ਸੋਸਾਈਟੀਆਂ |

| | |
|---|---|
| | 6. ਸਰਕਾਰੀ ਅਤੇ ਗੈਰ-ਸਰਕਾਰੀ ਮੋਰਟਗੇਜ ਕੰਪਨੀਆਂ ਆਦਿ। |
| 369 | ਆਪਣਾ ਘਰ ਬਣਾਉਣ ਦੇ ਕੀ ਫਾਇਦੇ ਹਨ?<br>ਉੱਤਰ :ਹਰ ਕੋਈ ਆਪਣਾ ਘਰ ਬਣਾਉਣਾ ਚਾਹੁੰਦਾ ਹੈ ਕਿਉਂਕਿ ਇਸਦੇ ਹੇਠਾਂ ਲਿਖੇ ਫਾਇਦੇ ਹਨ:<br>1. ਆਪਣਾ ਘਰ ਹੋਣਾ ਇੱਕ ਸਮਾਜਿਕ ਮਾਣ ਵਾਲੀ ਗੱਲ ਹੈ।<br>2. ਹਰ ਮਹੀਨੇ ਕਿਰਾਇਆ ਨਹੀਂ ਦੇਣਾ ਪੈਂਦਾ।<br>3. ਘਰ ਇੱਕ ਪੱਕੀ ਜਾਇਦਾਦ ਹੈ ਇਸ ਦੀ ਕੀਮਤ ਵੱਧਦੀ ਰਹਿੰਦੀ ਹੈ।<br>4. ਆਪਣੇ ਘਰ ਵਿੱਚ ਅਸੀਂ ਆਪਣੀ ਮਰਜ਼ੀ ਨਾਲ ਤਬਦੀਲੀਆਂ ਕਰ ਸਕਦੇ ਹਾਂ।<br>5. ਘਰ ਆਦਮੀ ਨੂੰ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰਦਾ ਹੈ।<br>6. ਮਾਲਕ ਮਕਾਨ ਨਾਲ ਝਗੜੇ ਤੋਂ ਬੱਚੇ ਰਹਿੰਦੇ ਹਨ। |
| 370 | ਆਪਣਾ ਘਰ ਬਣਾਉਣ ਦੇ ਕੀ ਨੁਕਸਾਨ ਹਨ?<br>ਉੱਤਰ :ਆਪਣਾ ਘਰ ਬਣਾਉਣ ਦੇ ਹੇਠਾਂ ਲਿਖੇ ਨੁਕਸਾਨ ਹਨ:<br>1. ਘਰ ਬਣਾਉਣ ਸਮੇਂ ਸਾਰੀ ਬੱਚਤ ਖ਼ਤਮ ਹੋ ਜਾਂਦੀ ਹੈ ਅਤੇ ਜੇ ਕੋਈ ਸੰਕਟ ਆ ਜਾਵੇ ਤਾਂ ਬੜੀ ਮੁਸ਼ਕਿਲ ਹੁੰਦੀ ਹੈ।<br>2. ਜੇਕਰ ਗੁਆਂਢੀ ਚੰਗਾ ਨਾ ਮਿਲੇ ਤਾਂ ਸਾਰੀ ਉਮਰ ਦਾ ਕਲੇਸ਼ ਰਹਿੰਦਾ ਹੈ।<br>3. ਲੋੜ ਪੈਣ ਤੇ ਆਪਣੇ ਘਰ ਦੀ ਲੋੜ ਪੈਣ ਤੇ ਮੁਰੰਮਤ ਆਪ ਕਰਾਉਣੀ ਪੈਂਦੀ ਹੈ।<br>4. ਘਰ ਬਣਾ ਕੇ ਆਦਮੀ ਇੱਕ ਥਾਂ ਨਾਲ ਬੱਝ ਜਾਂਦਾ ਹੈ।<br>5. ਕਿਰਾਇਆ ਦੇਣ ਨਾਲੋਂ ਘਰ ਬਣਾਉਣ ਤੇ ਕੀਮਤ ਜ਼ਿਆਦਾ ਲੱਗਦੀ ਹੈ।<br>6. ਆਪਣੇ ਘਰ ਦੇ ਕਈ ਤਰ੍ਹਾਂ ਦੇ ਟੈਕਸ ਦੇਣੇ ਪੈਂਦੇ ਹਨ। |
| 371 | ਬੱਚਿਆਂ ਦੇ ਪੜ੍ਹਨ ਦਾ ਕਮਰਾ ਕਿਹੋ ਜਿਹਾ ਹੋਣਾ ਚਾਹੀਦਾ ਹੈ?<br>ਉੱਤਰ :ਜਿਸ ਘਰ ਵਿੱਚ ਬੱਚੇ ਸਕੂਲ ਜਾਂ ਕਾਲਜ ਵਿੱਚ ਪੜ੍ਹਨ ਵਾਲੇ ਹੋਣ ਜਾਂ ਘਰ ਦੀ ਮਾਲਕਣ ਤੇ ਮਾਲਕ ਪੜ੍ਹਨ ਪੜ੍ਹਾਉਣ ਦਾ ਕੰਮ ਕਰਦੇ ਹੋਣ ਉੱਥੇ ਪੜ੍ਹਨ ਵਾਲਾ ਕਮਰਾ ਹੋਣਾ ਜ਼ਰੂਰੀ ਹੈ। ਇਸ ਵਿੱਚ ਹਵਾ ਅਤੇ ਰੋਸ਼ਨੀ ਦਾ ਪ੍ਰਬੰਧ ਹੋਣਾ ਜ਼ਰੂਰੀ ਹੈ। ਬੱਚਿਆਂ ਦੀ ਉਮਰ ਮੁਤਾਬਿਕ ਮੇਜ਼ ਤੇ ਕੁਰਸੀਆਂ ਦੀ ਉਚਾਈ ਅਤੇ ਆਕਾਰ ਹੋਣਾ ਜ਼ਰੂਰੀ ਹੈ। ਇਸ ਕਮਰੇ ਵਿੱਚ |

| | |
|---|---|
| | ਕਿਤਾਬਾਂ ਦੀ ਅਲਮਾਰੀ ਦਾ ਹੋਣਾ ਵੀ ਜ਼ਰੂਰੀ ਹੈ। ਪੜ੍ਹਨ ਦੇ ਮੇਜ਼ ਤੇ ਰੋਸ਼ਨੀ ਖੱਬੇ ਪਾਸਿਓ ਆਉਣੀ ਚਾਹੀਦੀ ਹੈ। |
| 372 | ਘਰ ਵਿੱਚ ਰਸੋਈ ਕਿਹੋ ਜਿਹੀ ਹੋਣੀ ਚਾਹੀਦੀ ਹੈ?<br>ਉੱਤਰ :ਇੱਕ ਆਮ ਗ੍ਰਹਿਣੀ ਆਪਣਾ ਜ਼ਿਆਦਾ ਸਮਾਂ ਰਸੋਈ ਵਿੱਚ ਹੀ ਗੁਜ਼ਾਰਦੀ ਹੈ। ਇਸ ਲਈ ਰਸੋਈ ਸਾਫ਼-ਸੁਥਰੀ, ਖ਼ੂਬਸੂਰਤ ਅਤੇ ਆਰਾਮਦਾਇਕ ਹੋਣੀ ਚਾਹੀਦੀ ਹੈ। ਰਸੋਈ ਦਾ ਡਿਜ਼ਾਇਨ ਯੂ-ਆਕਾਰ (U-shape) ਐਲ-ਆਕਾਰ (L-shape) ਹੋ ਸਕਦਾ ਹੈ। ਅੱਜ ਕੱਲ੍ਹ ਰੇਡੀਮੇਟ ਰਸੋਈ ਦਾ ਰਿਵਾਜ ਵੀ ਵੱਧਦਾ ਜਾ ਰਿਹਾ ਹੈ ਪਰ ਕੀਮਤ ਜ਼ਿਆਦਾ ਹੋਣ ਕਰਕੇ ਇਸ ਤਰ੍ਹਾਂ ਦੀ ਰੇਡੀਮੇਡ ਰਸੋਈ ਸਿਰਫ ਉੱਚ ਆਮਦਨ ਵਰਗ ਹੀ ਬਣਾ ਸਕਦੇ ਹਨ। ਆਮ ਰਸੋਈ ਵਿੱਚ ਕੰਮ ਕਰਨ ਵਾਲੇ ਕਾਊਂਟਰ ਅਤੇ ਹੌਦੀ ਦੀ ਉਚਾਈ ਫਰਸ਼ ਤੋਂ 30 ਤੋਂ 32 ਇੰਚ ਹੋਣੀ ਚਾਹੀਦੀ ਹੈ ਤਾਂ ਕਿ ਬਿਨਾਂ ਝੁਕੇ ਕੰਮ ਆਸਾਨੀ ਨਾਲ ਕੀਤਾ ਜਾ ਸਕੇ। ਇਸ ਕਾਊਂਟਰ ਦੇ ਥੱਲੇ ਗੈਸ ਦਾ ਸਿਲੰਡਰ, ਆਟੇ ਵਾਲਾ ਡਰੰਮ ਅਤੇ ਭਾਂਡੇ ਰੱਖਣ ਲਈ ਸੈਲਫ ਹੋਣੇ ਚਾਹੀਦੇ ਹਨ। ਰਸੋਈ ਦੇ ਦਰਵਾਜੇ ਅਤੇ ਖਿੜਕੀਆਂ ਤੇ ਜਾਲੀ ਲੱਗੀ ਹੋਣੀ ਚਾਹੀਦੀ ਹੈ ਅਤੇ ਰਸੋਈ ਵਿੱਚ ਧੁੱਪ, ਹਵਾ ਦਾ ਉੱਚਿਤ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਦਾ ਆਕਾਰ ਘੱਟੋ-ਘੱਟ 80 ਵਰਗ ਫੁੱਟ ਜ਼ਰੂਰ ਹੋਣਾ ਚਾਹੀਦਾ ਹੈ। |
| | ਪਾਠ-3 (ਚੌਗਿਰਦੇ ਦੀ ਸਫਾਈ) |
| 373 | ਚੌਗਿਰਦੇ ਦੀ ਸਫਾਈ ਕਿਉਂ ਜ਼ਰੂਰੀ ਹੈ?<br>ਉੱਤਰ :ਘਰ ਦੀ ਸਫਾਈ ਤੇ ਪਰਿਵਾਰ ਦੇ ਮੈਂਬਰਾਂ ਦੀ ਸਿਹਤ ਘਰ ਦੇ ਚੌਗਿਰਦੇ ਨਾਲ ਸਿੱਧੇ ਤੌਰ ਤੇ ਜੁੜੀ ਹੋਈ ਹੈ। ਇਸ ਲਈ ਪਰਿਵਾਰ ਦੇ ਮੈਂਬਰਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਘਰ ਦੀ ਸਫਾਈ ਦੇ ਨਾਲ-ਨਾਲ ਘਰ ਦੇ ਚਾਰ ਚੁਫੇਰੇ ਦੀ ਸਫਾਈ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਆਲੇ ਦੁਆਲੇ ਦੀ ਗੰਦਗੀ ਕਈ ਤਰ੍ਹਾਂ ਦੇ ਕੀੜੇ ਮਕੌੜੇ, ਬੈਕਟੀਰੀਆ, ਮੱਛਰ, ਮੱਖੀਆਂ ਪੈਦਾ ਕਰਨ ਵਿੱਚ ਸਹਾਈ ਹੁੰਦੀ ਹੈ। ਇਹਨਾਂ ਨਾਲ ਮਲੇਰੀਆ, ਦਸਤ, ਟਾਈਫਾਈਡ, ਫਲੂ ਆਦਿ ਬਿਮਾਰੀਆਂ ਤੋਂ ਬਚ ਸਕਦੇ ਹਾਂ। |
| 373 | ਕੂੜੇ ਨੂੰ ਸਾੜਿਆ ਕਿਉਂ ਜਾਂਦਾ ਹੈ?<br>ਉੱਤਰ :ਵਾਤਾਵਰਨ ਦੀ ਸਫਾਈ ਲਈ ਕੂੜੇ ਕਰਕਟ ਦਾ ਨਿਪਟਾਰਾ ਕਰਨਾ ਬਹੁਤ ਜ਼ਰੂਰੀ ਹੈ। |

| | |
|---|---|
| | ਉਂਝ ਤਾਂ ਕੂੜੇ ਨੂੰ ਟਿਕਾਣੇ ਲਾਉਣ ਦੇ ਕਈ ਤਰੀਕੇ ਹਨ ਪਰ ਕੂੜੇ ਨੂੰ ਸਾੜਨਾ ਸਭ ਤੋਂ ਚੰਗਾ ਸਮਝਿਆ ਜਾਂਦਾ ਹੈ। ਕੂੜਾ ਕਰਕਟ ਇੱਕਠਾ ਕਰਕੇ ਖੁੱਲੀ ਥਾਂ ਉੱਪਰ ਅੱਗ ਲਾ ਕੇ ਕੂੜੇ ਨੂੰ ਖਤਮ ਕੀਤਾ ਜਾ ਸਕਦਾ ਹੈ। ਪਰ ਕੂੜੇ ਨੂੰ ਸਾੜਨ ਦਾ ਸਭ ਤੋਂ ਵਧੀਆ ਤਰੀਕਾ ਭੱਠੀ ਬਣਾ ਕੇ ਉਸ ਵਿੱਚ ਕੂੜੇ ਨੂੰ ਸਾੜਨਾ ਹੈ। ਇਸ ਤਰ੍ਹਾਂ ਕੂੜਾ ਵੀ ਖਤਮ ਹੋ ਜਾਂਦਾ ਹੈ ਤੇ ਧੂੰਆਂ ਚਿਮਨੀ ਰਾਹੀਂ ਉੱਪਰ ਚਲਾ ਜਾਂਦਾ ਹੈ ਤੇ ਵਾਤਾਵਰਨ ਵੀ ਸਾਫ-ਸੁਥਰਾ ਰਹਿੰਦਾ ਹੈ। |
| 374 | ਕੂੜੇ ਕਰਕਟ ਤੋਂ ਖਾਦ ਕਿਵੇਂ ਬਣਾਈ ਜਾਂਦੀ ਹੈ।<br>ਉੱਤਰ :ਕੂੜੇ ਕਰਕਟ ਨੂੰ ਖਾਦ ਵਿੱਚ ਤਬਦੀਲ ਕਰ ਦੇਣਾ ਸਦੀਆਂ ਪੁਰਾਣਾ ਲਾਭਦਾਇਕ ਤਰੀਕਾ ਹੈ। ਇਸ ਤਰੀਕੇ ਵਿੱਚ ਮਲ ਮੂਤਰ ਅਤੇ ਕੂੜੇ ਕਰਕਟ ਨੂੰ ਵਿਸ਼ੇਸ਼ ਪ੍ਰਕਾਰ ਦੀਆਂ ਖਾਈਆਂ ਵਿੱਚ ਭਰ ਕੇ ਉੱਪਰੋਂ ਸੁੱਕੀ ਮਿੱਟੀ ਪਾ ਕੇ ਢੱਕ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਈ ਖਾਈਆਂ ਭਰ ਲਈਆਂ ਜਾਂਦੀਆਂ ਹਨ। ਗਰਮੀਆਂ ਦੇ ਦਿਨਾਂ ਵਿੱਚ ਕਦੇ ਕਦੇ ਇਸ ਉੱਤੇ ਪਾਣੀ ਛਿੜਕ ਦਿੱਤਾ ਜਾਂਦਾ ਹੈ। 4-6 ਮਹੀਨਿਆਂ ਬਾਅਦ ਇਹ ਕੂੜਾ-ਕਰਕਟ ਖਾਦ ਵਿੱਚ ਤਬਦੀਲ ਹੋ ਜਾਂਦਾ ਹੈ। |
| 375 | ਚੌਗਿਰਦੇ ਦੇ ਸਫਾਈ ਦਾ ਸਾਡੀ ਸਿਹਤ ਉੱਤੇ ਕੀ ਅਸਰ ਪੈਂਦਾ ਹੈ?<br>ਉੱਤਰ :ਪਰਿਵਾਰ ਦੇ ਮੈਂਬਰਾਂ ਨੂੰ ਸਿਹਤਮੰਦ ਰੱਖਣ ਲਈ ਘਰ ਦੀ ਸਫਾਈ ਦੇ ਨਾਲ-ਨਾਲ ਘਰ ਦੇ ਚੌਗਿਰਦੇ ਦੀ ਸਫਾਈ ਕਰਨਾ ਵੀ ਬਹੁਤ ਜ਼ਰੂਰੀ ਹੈ। ਜੇ ਘਰ ਦਾ ਆਲਾ-ਦੁਆਲਾ ਸਾਫ ਨਹੀਂ ਹੋਵੇਗਾ ਤਾਂ ਗੰਦੀ ਹਵਾ, ਮੱਖੀ, ਮੱਛਰ ਘਰ ਦੇ ਅੰਦਰ ਆਉਣਗੇ। ਇੱਟਾਂ, ਲੱਕੜਾਂ ਪਾਥੀਆਂ ਜਾਂ ਕੂੜੇ ਢੇਰ ਨਹੀਂ ਹੋਣੇ ਚਾਹੀਦੇ। ਇਹਨਾਂ ਉੱਪਰ ਮੱਖੀ ਮੱਛਰ ਤਾਂ ਪੈਣਾ ਹੁੰਦਾ ਹੀ ਹੈ। ਇਸ ਨਾਲ ਸੱਪ ਅਤੇ ਹੋਰ ਖਤਰਨਾਕ ਜੀਵ ਵੀ ਇਸ ਵਿੱਚ ਵੜ ਕੇ ਆਪਣੀ ਥਾਂ ਬਣਾ ਲੈਂਦੇ ਹਨ। ਜੋ ਕਈ ਵਾਰੀ ਜਾਨ ਲੇਵਾ ਵੀ ਸਾਬਤ ਹੋ ਸਕਦਾ ਹੈ। |
| | ਪਾਠ-4 (ਡਿਜ਼ਾਇਨ ਦੇ ਮੂਲ ਅੰਸ਼ ਅਤੇ ਸਿਧਾਂਤ) |
| 376 | ਡਿਜ਼ਾਇਨ ਵਿੱਚ ਸੰਤੁਲਨ ਕਿੰਨੇ ਪ੍ਰਕਾਰ ਦਾ ਹੋ ਸਕਦਾ ਹੈ ਅਤੇ ਕਿਹੜਾ ਕਿਹੜਾ?<br>ਉੱਤਰ :ਡਿਜ਼ਾਇਨ ਵਿੱਚ ਸੰਤੁਲਨ ਦੋ ਤਰ੍ਹਾਂ ਦਾ ਹੁੰਦਾ ਹੈ:<br>1. ਉਪਚਾਰਿਕ ਸੰਤੁਲਨ (Formal Balance) : ਉਪਚਾਰਿਕ ਸੰਤੁਲਨ ਨੂੰ ਸਮਿਟਰੀਕਲ ਸੰਤੁਲਤ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਜਦੋਂ ਕਿ ਇੱਕ ਕੇਂਦਰ |



Mapped to Ramandeep

| | |
|---|---|
| | ਬਿੰਦੂ ਦੇ ਸਾਰੇ ਪਾਸੇ ਦੀਆਂ ਚੀਜ਼ਾਂ ਹਰ ਪੱਖੋਂ ਇੱਕੋ ਜਿਹੀਆਂ ਹੋਣ ਤਾਂ ਇਸ ਨੂੰ ਉਪਚਾਰਿਕ ਸੰਤੁਲਨ ਕਿਹਾ ਜਾਂਦਾ ਹੈ।<br>2. ਅਣਉਪਚਾਰਿਕ ਸੰਤੁਲਨ (Informal Balance): ਜਦੋਂ ਵਸਤਾਂ ਇਸ ਪ੍ਰਕਾਰ ਰੱਖੀਆਂ ਜਾਣ ਕਿ ਵੱਡੀ ਵਸਤੂ ਕੇਂਦਰ ਬਿੰਦੂ ਦੇ ਕੋਲ ਹੋਵੇ ਅਤੇ ਛੋਟੀ ਵਸਤੂ ਨੂੰ ਕੇਂਦਰ ਬਿੰਦੂ ਤੋਂ ਥੋੜ੍ਹਾ ਦੂਰ ਰੱਖਿਆ ਜਾਵੇ ਤਾਂ ਇਸ ਨੂੰ ਅਣਉਪਚਾਰਿਕ ਸੰਤੁਲਨ ਕਿਹਾ ਜਾਂਦਾ ਹੈ। ਇਹ ਸੰਤੁਲਨ ਬਣਾਉਣਾ ਥੋੜ੍ਹਾ ਔਖਾ ਹੈ। ਜੇ ਠੀਕ ਅਣਉਪਚਾਰਿਕ ਸੰਤੁਲਨ ਬਣਾ ਜਾਵੇ ਤਾਂ ਉਪਚਾਰਿਕ ਸੰਤੁਲਨ ਨਾਲੋਂ ਬਹੁਤ ਸੋਹਣਾ ਲੱਗਦਾ ਹੈ। |
| 377 | ਡਿਜ਼ਾਇਨ ਵਿੱਚ ਅਨੁਪਾਤ ਹੋਣਾ ਕਿਉਂ ਜ਼ਰੂਰੀ ਹੈ?<br>ਉੱਤਰ :ਡਿਜ਼ਾਇਨ ਵਿੱਚ ਅਨੁਪਾਤ ਤੋਂ ਭਾਵ ਕਮਰਾ ਅਤੇ ਉਸ ਵਿਚਲੇ ਸਾਮਾਨ ਦਾ ਆਪਸ ਵਿੱਚ ਸੰਬੰਧ ਹੈ। ਜੇ ਕਮਰਾ ਵੱਡਾ ਹੈ ਤਾਂ ਉਸ ਵਿਚਲਾ ਸਾਮਾਨ ਫਰਨੀਚਰ ਵੀ ਵੱਡਾ ਹੀ ਚੰਗਾ ਲੱਗਦਾ ਹੈ, ਪਰ ਵੱਡਾ ਫਰਨੀਚਰ ਛੋਟੇ ਕਮਰੇ ਵਿੱਚ ਰੱਖਿਆ ਜਾਵੇ ਤਾਂ ਭੈੜਾ ਲੱਗਦਾ ਹੈ। ਇਸ ਦੇ ਉਲਟ ਛੋਟੇ ਕਮਰੇ ਵਿੱਚ ਫਿੱਕੇ ਰੰਗ ਦੇ ਪਰਦੇ ਅਤੇ ਹਲਕਾ ਫਰਨੀਚਰ ਜਿਵੇਂ ਬੈਂਤ, ਐਲੂਮੀਨੀਅਮ ਜਾਂ ਲੱਕੜ ਦਾ ਸਾਦੇ ਡਿਜ਼ਾਇਨ ਵਾਲਾ ਫਰਨੀਚਰ ਰੱਖਣਾ ਚਾਹੀਦਾ ਹੈ ਜਿਸ ਨਾਲ ਕਮਰਾ ਖੁੱਲ੍ਹਾ-ਖੁੱਲ੍ਹਾ ਲੱਗਦਾ ਹੈ। ਸੋ ਘਰ ਦੀ ਬਣਤਰ ਜਾਂ ਨਮੂਨਾ ਅਤੇ ਉਸ ਵਿੱਚ ਰੱਖਿਆ ਸਾਮਾਨ ਘਰ ਦੇ ਕਮਰਿਆਂ ਦੇ ਅਨੁਪਾਤ ਵਿੱਚ ਹੀ ਹੋਣਾ ਚਾਹੀਦਾ ਹੈ ਤਾਂ ਹੀ ਘਰ ਸੋਹਣਾ ਦਿਖੇਗਾ ਨਹੀਂ ਤਾਂ ਘਰ ਅਤੇ ਚੀਜ਼ਾਂ ਤੇ ਲੱਗਿਆ ਧਨ ਵੀ ਬੇਕਾਰ ਹੋ ਜਾਂਦਾ ਹੈ। |
| 378 | ਡਿਜ਼ਾਇਨ ਵਿੱਚ ਲੈਅ ਕਿਵੇਂ ਪੈਦਾ ਕੀਤੀ ਜਾ ਸਕਦੀ ਹੈ?<br>ਉੱਤਰ :ਕਿਸੇ ਵੀ ਡਿਜ਼ਾਇਨ ਵਿੱਚ ਲੈਅ ਹੇਠ ਲਿਖੇ ਤਰੀਕਿਆਂ ਨਾਲ ਪੈਦਾ ਕੀਤੀ ਜਾ ਸਕਦੀ ਹੈ:<br>1. ਦੁਹਰਾਉਣ ਨਾਲ (Repetition):ਰੰਗ, ਰੇਖਾਵਾਂ ਜਾਂ ਆਕਾਰ ਨੂੰ ਦੁਹਰਾ ਕੇ।<br>2. ਕ੍ਰਮਬੰਦੀ (Gradation) : ਇੱਕ ਹੀ ਰੰਗ ਦੇ ਅੱਡ-ਅੱਡ ਸੇਡ ਅਤੇ ਅਤੇ ਭਾਹ ਨੂੰ ਵਰਤ ਕੇ।<br>3. ਆਕਾਰ ਵਿੱਚ ਵਾਧਾ ਕਰ ਕੇ (Progression in size) : ਇੱਕੋ ਪ੍ਰਕਾਰ ਦੀ ਚੀਜ ਦੇ ਆਕਾਰ ਵਿੱਚ ਵਾਧਾ ਕਰਕੇ।<br>4. ਇੱਕੋ ਤਰ੍ਹਾਂ ਦੀਆਂ ਰੇਖਾਵਾਂ (Use of similar lines): ਇੱਕ ਕਮਰੇ ਵਿੱਚ ਇੱਕੋ ਤਰ੍ਹਾਂ |

| | |
|---|---|
| | ਦੀਆਂ ਰੇਖਾਵਾਂ ਨੂੰ ਜ਼ਿਆਦਾ ਮਹੱਤਵ ਦੇ ਕੇ ਕਿਉਂਕਿ ਇਹ ਦੇਖਣ ਨੂੰ ਜ਼ਿਆਦਾ ਅਰਾਮਦਾਇਕ ਪ੍ਰਤੀਤ ਹੁੰਦੀਆਂ ਹਨ। |
| 379 | ਲਾਈਨਾਂ ਕਿਹੋ ਜਿਹੀਆਂ ਹੋ ਸਕਦੀਆਂ ਹਨ ਅਤੇ ਡਿਜ਼ਾਇਨ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ?<br>ਉੱਤਰ :ਰੇਖਾਵਾਂ ਕਈ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਵੇਂ ਸਿੱਧੀਆਂ, ਲੇਟਵੀਆਂ, ਤਿਰਛੀਆਂ, ਗੋਲ ਅਤੇ ਕੋਣ। ਕਿਸੇ ਵੀ ਫਰਨੀਚਰ ਦੇ ਡਿਜ਼ਾਇਨ ਜਾਂ ਸਜਾਵਟ ਦੇ ਸਾਮਾਨ ਦੇ ਡਿਜ਼ਾਇਨ, ਤਸਵੀਰਾਂ ਨੂੰ ਕੰਧਾਂ ਤੇ ਲਾਉਣ ਦੇ ਢੰਗ ਜਾਂ ਕਮਰੇ ਵਿੱਚ ਫਰਨੀਚਰ ਰੱਖਣ ਦੇ ਡਿਜ਼ਾਇਨ ਵਿੱਚ ਰੇਖਾਵਾਂ ਆਪਣਾ ਪ੍ਰਭਾਵ ਦਿਖਾਉਂਦੀ ਹਨ। ਜੇ ਤੁਸੀਂ ਕਮਰੇ ਨੂੰ ਆਰਾਮਦਾਇਕ ਬਣਾਉਣਾ ਚਾਹੁੰਦੇ ਹੋ ਤਾਂ ਲੇਟਵੀਆਂ ਰੇਖਾਵਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇ ਕਮਰੇ ਦੀ ਛੱਤ ਨੂੰ ਉੱਚਾ ਵਿਖਾਉਣਾ ਹੈ ਸਿੱਧੀਆਂ ਲੰਮੀਆਂ ਲਾਈਨਾਂ ਵਾਲੇ ਪਰਦਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ, ਗੋਲ ਰੇਖਾਵਾਂ ਪ੍ਰਸੰਨਤਾ ਅਤੇ ਜਸ਼ਨ ਨੂੰ ਪ੍ਰਗਟਾਉਂਦੀਆਂ ਹਨ ਜਦਕਿ ਕੋਣ ਵਾਲੀਆਂ ਰੇਖਾਵਾਂ ਉਤੇਜਿਤ ਕਰਨ ਵਾਲੀਆਂ ਹੁੰਦੀਆਂ ਹਨ। |
| 380 | ਪਰਾਂਗ ਦੀ ਰੰਗ ਪ੍ਰਣਾਲੀ ਕੀ ਹੈ?<br>ਉੱਤਰ : ਪਰਾਂਗ ਦੇ ਅਨੁਸਾਰ ਸਾਰੇ ਰੰਗ ਮੁੱਢਲੇ ਤਿੰਨ ਰੰਗਾਂ-ਪੀਲਾ, ਨੀਲਾ ਅਤੇ ਲਾਲ ਤੋਂ ਬਣਦੇ ਹਨ। ਇਹ ਤਿੰਨ ਰੰਗ ਹੋਰ ਰੰਗ ਨੂੰ ਮਿਲਾ ਕੇ ਨਹੀਂ ਬਣਾਏ ਜਾ ਸਕਦੇ। ਇਸ ਲਈ ਇਹਨਾਂ ਨੂੰ ਪ੍ਰਾਥਮਿਕ (ਪਹਿਲੇ) ਦਰਜੇ ਦੇ ਰੰਗ ਕਿਹਾ ਜਾਂਦਾ ਹੈ। ਜਦੋਂ ਦੋ ਪ੍ਰਾਥਮਿਕ ਰੰਗਾਂ ਨੂੰ ਇਕੋ ਜਿੰਨੀ ਮਾਤਰਾ ਵਿੱਚ ਮਿਲਾਇਆ ਜਾਏ ਤਾਂ ਤਿੰਨ ਦੂਜੇ ਦਰਜੇ ਦੇ ਰੰਗ ਹਰਾ, ਜਾਮਨੀ ਅਤੇ ਸੰਤਰੀ ਬਣਦੇ ਹਨ।<br>ਇੱਕ ਪ੍ਰਾਥਮਿਕ ਅਤੇ ਉਸ ਦੇ ਨਾਲ ਲੱਗਦੇ ਇੱਕ ਦੂਸਰੇ ਦਰਜੇ ਦੇ ਰੰਗ ਨੂੰ ਮਿਲਾ ਕੇ ਜੋ ਰੰਗ ਬਣਦੇ ਹਨ ਉਨ੍ਹਾਂ ਨੂੰ ਤੀਸਰੇ ਦਰਜੇ ਦੇ ਰੰਗ ਕਿਹਾ ਜਾਂਦਾ ਹੈ, ਜਿਵੇਂ ਕਿ ਪੀਲਾ ਹਰਾ, ਨੀਲਾ ਹਰਾ, ਨੀਲਾ ਜਾਮਨੀ, ਲਾਲ ਜਾਮਨੀ, ਲਾਲ ਸੰਤਰੀ ਅਤੇ ਪੀਲਾ ਸੰਤਰੀ। |
| 381 | ਡਿਜ਼ਾਇਨ ਵਿੱਚ ਇੱਕਸੁਰਤਾ ਤੋਂ ਕੀ ਭਾਵ ਹੈ?<br>ਉੱਤਰ : ਇਕਸੁਰਤਾ (Harmony): ਕਿਸੇ ਵੀ ਡਿਜ਼ਾਇਨ ਵਿੱਚ ਇਕੋ ਤਰ੍ਹਾਂ ਦੀਆਂ ਚੀਜ਼ਾਂ ਜਿਵੇਂ ਕਿ ਰੰਗ, ਇੱਕੋ ਤਰ੍ਹਾਂ ਦੀਆਂ ਲਾਈਨਾਂ, ਆਕਾਰ ਜਾਂ ਰਚਨਾ ਦਾ ਪ੍ਰਯੋਗ ਕਰਕੇ ਇਕਸੁਰਤਾ ਲਿਆਈ ਜਾ ਸਕਦੀ ਹੈ। ਪਰ ਜੇ ਇੱਕ ਕਮਰੇ ਵਿਚ ਸਾਰੀਆਂ ਚੀਜ਼ਾਂ ਇੱਕ ਹੀ ਰੰਗ, ਆਕਾਰ |



Harpreet Kaur
Ramandeep

| | |
|---|---|
| | ਜਾਂ ਰਚਨਾ ਦੀਆਂ ਹੋਣ ਤਾਂ ਵੀ ਉਹ ਚੰਗਾ ਨਹੀਂ ਲੱਗਦਾ।ਇਸ ਲਈ ਭਿੰਨ-ਭਿੰਨ ਤਰ੍ਹਾਂ ਦੀਆਂ ਚੀਜ਼ਾਂ ਨੂੰ ਵਰਤਣਾ ਜ਼ਰੂਰੀ ਹੈ। ਪਰ ਜੇਕਰ ਹਰ ਇੱਕ ਚੀਜ਼ ਹੀ ਅਲੱਗ ਤਰ੍ਹਾਂ ਦੀ ਹੋਵੇ ਤਾਂ ਵੀ ਉਹ ਪਰੇਸ਼ਾਨੀ ਦਾ ਅਹਿਸਾਸ ਦੁਆਉਂਦੀ ਹੈ। ਜਦੋਂ ਡਿਜ਼ਾਇਨ ਦੇ ਸਾਰੇ ਅੰਸ਼ਾਂ ਵਿੱਚ ਇਕਸੁਰਤਾ ਹੋਵੇ ਤਾਂ ਕਿ ਉਹ ਇੱਕ ਸਮੁੱਚਾ ਡਿਜ਼ਾਇਨ ਜਾਪੇ ਨਾ ਕਿ ਅੱਡ-ਅੱਡ ਅੰਸ਼ਾਂ ਵਿੱਚ ਇਕਸੁਰਤਾ ਹੋਵੇ ਤਾਂ ਕਿ ਉਹ ਇੱਕ ਸਮੁੱਚਾ ਡਿਜ਼ਾਇਨ ਜਾਪੇ ਨਾ ਕਿ ਅੱਡ-ਅੱਡ ਅੰਸ਼ਾਂ ਦਾ ਬੇਤੁਕਾ ਜੋੜ ਕਈ ਵਾਰ ਭਿੰਨ ਰੇਖਾਵਾਂ ਜਾਂ ਰੰਗਾਂ ਦੇ ਪ੍ਰਯੋਗ ਨਾਲ ਵੀ ਚੰਗਾ ਡਿਜ਼ਾਇਨ ਬਣਾਇਅ ਜਾ ਸਕਦਾ ਹੈ। |
| 382 | ਡਿਜ਼ਾਇਨ ਦੇ ਮੁਲ ਅੰਸ਼ ਬਣਤਰ ਜਾਂ ਰਚਨਾ ਤੋਂ ਕੀ ਭਾਵ ਹੈ?<br>ਉੱਤਰ : ਰਚਨਾ/ਬਣਤਰ (Texture) ਕੁੱਝ ਚੀਜ਼ਾਂ ਪੱਧਰੀਆਂ ਜਾਂ ਮੁਲਾਇਮ ਹੁੰਦੀਆਂ ਹਨ ਅਤੇ ਕੁੱਝ ਖੁਰਦਰੀਆਂ, ਕੁੱਝ ਸਖ਼ਤ ਤੇ ਕੁੱਝ ਨਰਮ, ਕੁੱਝ ਚਮਕਦਾਰ ਅਤੇ ਕੁੱਝ ਮੱਧਮ (ਤੇਜ਼ ਹੀਨ)। ਜਿਸ ਕਮਰੇ ਵਿੱਚ ਜ਼ਰੀ ਜਾਂ ਸ਼ਨੀਲ ਵਰਤੀ ਗਈ ਹੋਵੇ ਉੱਥੇ ਜੇਕਰ ਨਾਲ ਹੀ ਪਿੱਤਲ ਦੇ ਲੈਂਪ ਸ਼ੇਡ ਜਾਂ ਲੋਹੇ ਦੀ ਸੁਆਹਦੀਨ ਰੱਖੀ ਜਾਏ ਤਾਂ ਚੰਗੀ ਨਹੀਂ ਲੱਗੇਗੀ। ਇਵੇਂ ਹੀ ਅਖਰੋਟ ਦੀ ਲੱਕੜੀ ਦੇ ਨਾਲ ਟਾਹਲੀ ਦੀ ਲੱਕੜੀ ਦਾ ਫਰਨੀਚਰ ਵੀ ਭੈੜਾ ਲੱਗੇਗਾ। ਕੱਪੜੇ ਦੀ ਬਣਤਰ ਦਾ ਵੀ ਕਮਰੇ ਤੇ ਅਸਰ ਪੈਂਦਾ ਹੈ, ਜਿਵੇਂ ਕਿ ਹਲਕੇ ਨੀਲੇ ਰੰਗ ਦੀ ਸਿਲਕ ਜਾਂ ਸਾਟਨ ਜ਼ਿਆਦਾ ਚਮਕਦਾਰ ਲੱਗੇਗੀ ਜਦੋਂ ਕਿ ਉਸੇ ਰੰਗ ਦੀ ਕੇਸਮੈਂਟ ਜਾਂ ਖੱਦਰ ਘੱਟ ਚਮਕੀਲੀ ਹੋਵੇਗੀ। |
| | ਪਾਠ-5<br>ਘਰ ਦੀ ਅੰਦਰਲੀ ਸਜਾਵਟ |
| 383 | ਫੁੱਲ ਵਿਵਸਥਾ ਲਈ ਫੁੱਲਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?<br>ਉੱਤਰ : ਫੁੱਲ ਵਿਵਸਥਾ ਲਈ ਫੁੱਲਾਂ ਦੀ ਚੋਣ ਕਰਦੇ ਸਮੇਂ ਕਮਰੇ ਅਤੇ ਕਮਰੇ ਦੀ ਰੰਗ ਯੋਜਨਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਖਾਣੇ ਵਾਲੇ ਕਮਰੇ ਵਿੱਚ ਸੁਗੰਧ ਰਹਿਤ ਫੁੱਲ ਵਰਤਣੇ ਚਾਹੀਦੇ ਹਨ ਜਦਕਿ ਬਾਕੀ ਕਮਰਿਆਂ ਵਿੱਚ ਸੁਗੰਧਿਤ ਫੁੱਲ। ਫੁੱਲਾਂ ਦਾ ਰੰਗ ਕਮਰੇ ਦੀ ਯੋਜਨਾ ਨਾਲ ਮੇਲ ਖਾਂਦਾ ਹੋਣਾ ਚਾਹੀਦਾ ਹੈ। ਫੁੱਲਾਂ ਦਾ ਸਾਈਜ਼ ਫੁੱਲਦਾਨ ਦੇ ਸਾਈਜ਼ ਆਕਾਰ ਮੁਤਾਬਿਕ ਹੋਣਾ ਚਾਹੀਦਾ ਹੈ। |
| 384 | ਫਰਨੀਚਰ ਘਰ ਦੀ ਅੰਦਰਲੀ ਸਜਾਵਟ ਲਈ ਕਿਉਂ ਜ਼ਰੂਰੀ ਹੈ?<br>ਉੱਤਰ : ਹਰ ਪਰਿਵਾਰ ਦੀਆਂ ਖਾਣ-ਪੀਣ, ਆਰਾਮ ਕਰਨ, ਸੌਣ ਅਤੇ ਆਰਾਮ ਕਰਨ ਦੀਆਂ |

| | |
|---|---|
| | ਬੁਨਿਆਦੀ ਲੋੜਾਂ ਹਨ। ਇਹਨਾਂ ਨੂੰ ਪੂਰਾ ਕਰਨ ਲਈ ਫਰਨੀਚਰ ਦੀ ਲੋੜ ਹੁੰਦੀ ਹੈ। ਸੋ ਇਨ੍ਹਾਂ ਲੋੜਾਂ ਦੀ ਪੂਰਤੀ ਕਰਨ ਦੇ ਨਾਲ ਨਾਲ ਜੇ ਫਰਨੀਚਰ ਘਰ ਦੀ ਸੁੰਦਰਤਾ ਵਿੱਚ ਵਾਧਾ ਕਰ ਸਕੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ। ਘਰ ਦੀ ਸਜਾਵਟ ਵਿੱਚ ਵਾਧਾ ਕਰਨ ਲਈ ਫਰਨੀਚਰ ਦਾ ਡਿਜ਼ਾਇਨ, ਬਣਤਰ ਅਤੇ ਆਕਾਰ ਪਰਿਵਾਰ ਦੀਆਂ ਲੋੜਾਂ ਅਤੇ ਕਮਰੇ ਦੇ ਆਕਾਰ ਮੁਤਾਬਿਕ ਹੋਣਾ ਚਾਹੀਦਾ ਹੈ। ਛੋਟੇ ਘਰਾਂ ਵਿੱਚ ਪਲੰਘ ਅਤੇ ਦੀਵਾਨ ਬਕਸੇ ਵਾਲੇ ਹੋਣੇ ਚਾਹੀਦੇ ਹਨ ਤਾਂ ਕਿ ਉਹਨਾਂ ਵਿੱਚ ਪਰਿਵਾਰ ਦੇ ਕੱਪੜੇ ਅਤੇ ਹੋਰ ਲੋੜੀਂਦੀਆਂ ਵਸਤਾਂ ਰੱਖੀਆਂ ਜਾ ਸਕਣ। |
| 385 | ਪਲਾਸਟਿਕ ਦਾ ਫਰਨੀਚਰ ਅੱਜ ਕੱਲ ਜ਼ਿਆਦਾ ਕਿਉਂ ਵਰਤਿਆ ਜਾਣ ਲੱਗ ਪਿਆ ਹੈ?<br>ਉੱਤਰ : ਅੱਜ ਕੱਲ ਪਲਾਸਟਿਕ ਦੇ ਫਰਨੀਚਰ ਦੀ ਵਰਤੋਂ ਵੱਧਣ ਦੇ ਕਈ ਕਾਰਨ ਹਨ-<br>1. ਇਹ ਜਲਦੀ ਨਹੀਂ ਟੁੱਟਦਾ।<br>2. ਇਸ ਉੱਪਰ ਝਰੀਟਾਂ ਅਤੇ ਚਿੱਬ ਨਹੀਂ ਪੈਂਦੇ।<br>3. ਇਹ ਪਾਣੀ ਨਹੀਂ ਚੁਸਦਾ। ਇਸ ਲਈ ਇਸ ਨੂੰ ਆਸਾਨੀ ਨਾਲ ਧੋ ਕੇ ਸਾਫ਼ ਕੀਤਾ ਜਾ ਸਕਦਾ ਹੈ।<br>4. ਇਸ ਨੂੰ ਕੋਈ ਕੀੜਾ ਜਾਂ ਸਿਉਂਕ ਨਹੀਂ ਲੱਗਦੀ।<br>5. ਇਹ ਕਈ ਰੰਗਾਂ ਵਿੱਚ ਮਿਲ ਜਾਂਦਾ ਹੈ। |
| 386 | ਬੈਠਕ ਵਿੱਚ ਫਰਨੀਚਰ ਦੀ ਵਿਵਸਥਾ ਕਿਵੇਂ ਕਰੋਗੇ?<br>ਉੱਤਰ : ਬੈਠਕ ਵਿੱਚ ਫ਼ਰਨੀਚਰ ਇਸ ਢੰਗ ਨਾਲ ਰੱਖਣਾ ਚਾਹੀਦਾ ਹੈ ਕਿ ਉਸ ਵਿੱਚ ਕਰਨ ਵਾਲੇ ਕੰਮ ਜਿਵੇਂ ਆਰਾਮ, ਖੇਡ ਜਾਂ ਸੰਗੀਤ ਆਦਿ ਠੀਕ ਤਰ੍ਹਾਂ ਕੀਤੇ ਜਾ ਸਕਣ। ਬੈਠਕ ਵਿੱਚ ਇੱਕ ਪਾਸੇ ਸੋਫਾ, ਉਸਦੇ ਸਾਹਮਣੇ ਪਾਸੇ ਦੀਵਾਨ ਅਤੇ ਕੁਰਸੀਆਂ ਰੱਖੀਆਂ ਜਾ ਸਕਦੀਆਂ ਹਨ। ਇਹ ਸਾਰਾ ਸਾਮਾਨ ਆਪਸ ਵਿੱਚ ਮੇਲ ਖਾਂਦਾ ਹੋਣਾ ਚਾਹੀਦਾ ਹੈ। ਬੈਠਕ ਵਿੱਚ ਪੜ੍ਹਨ ਲਈ ਇੱਕ ਮੇਜ਼-ਕੁਰਸੀ ਰੱਖਿਆ ਜਾ ਸਕਦਾ ਹੈ ਜਿਸ ਉੱਪਰ ਕਿਤਾਬਾਂ ਅਤੇ ਟਿਊਬ ਲਾਈਟ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਟੀ.ਵੀ. ਰੇਡੀਓ ਅਤੇ ਸੰਗੀਤ ਲਈ ਸਮਾਨ ਰੱਖੋ। ਇੱਕ ਕੋਨੇ ਵਿੱਚ ਕੈਰਮ ਬੋਰਡ, ਚੈਸ ਜਾਂ ਤਾਸ਼ ਵੀ ਰੱਖੀ ਜਾ ਸਕਦੀ ਹੈ। ਕੰਧਾਂ ਉੱਪਰ ਕੁਝ ਸੁੰਦਰ ਤਸਵੀਰਾਂ ਲਾਈਆਂ ਜਾ ਸਕਦੀਆਂ ਹਨ। ਹੋ ਸਕੇ ਤਾਂ ਫੁੱਲਦਾਨ ਵਿੱਚ ਕੁਝ ਫੁੱਲ ਜਾਂ ਫਿਰ |

| | |
|---|---|
| | ਗਮਲੇ ਵੀ ਕਮਰੇ ਵਿੱਚ ਰੱਖੇ ਜਾ ਸਕਦੇ ਹਨ। |
| 387 | ਫਰਸ਼ ਤੇ ਵਿਛਾਉਣ ਲਈ ਕਾਲੀਨ ਨੂੰ ਸਭ ਤੋਂ ਚੰਗਾ ਕਿਉਂ ਸਮਝਿਆ ਜਾਂਦਾ ਹੈ?<br>ਉੱਤਰ : ਕਾਲੀਨ ਦੀ ਚੋਣ ਕਰਦੇ ਸਮੇਂ ਉਸਦੀ ਮਜ਼ਬੂਤੀ, ਰੰਗ-ਰੂਪ ਅਤੇ ਆਕਾਰ ਸੰਬੰਧੀ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਕਾਲੀਨ ਵਿਛਾਉਣ ਨਾਲ ਕਮਰੇ ਦੀ ਸੁੰਦਰਤਾ ਵੱਧਦੀ ਹੈ। ਇਸ ਨਾਲ ਟੁੱਟਾ-ਭੱਜਾ ਫਰਸ਼ ਵੀ ਢੱਕਿਆ ਜਾਂਦਾ ਹੈ। ਕਾਲੀਨ ਫਰਸ਼ ਤੋਂ ਥੋੜ੍ਹਾ ਉੱਪਰ ਉੱਠਿਆ ਹੋਣ ਕਰਕੇ ਉਸ ਖੇਤਰ ਨੂੰ ਬਾਕੀ ਕਮਰੇ ਨਾਲੋਂ ਵੱਖ ਕਰਕੇ ਆਕਰਸ਼ਿਤ ਬਣਾਉਂਦਾ ਹੈ। ਕਾਲੀਨ ਵਿਛਾਉਣ ਨਾਲ ਕਮਰੇ ਦੀਆਂ ਬਾਕੀ ਚੀਜ਼ਾਂ ਵੀ ਸੋਹਣੀਆਂ ਦਿੱਸਦੀਆਂ ਹਨ ਅਤੇ ਸਰਦੀਆਂ ਵਿੱਚ ਕਮਰਾ ਨਿੱਘਾ ਰਹਿੰਦਾ ਹੈ। |
| 388 | ਪਰਦੇ ਲਾਉਣ ਦੇ ਕੀ ਲਾਭ ਹਨ? ਪਰਦਿਆਂ ਲਈ ਕਿਹੋ ਜਿਹਾ ਕੱਪੜਾ ਖਰੀਦਣਾ ਚਾਹੀਦਾ ਹੈ?<br>ਉੱਤਰ : 1. ਪਰਦੇ ਲਾਉਣ ਨਾਲ ਘਰ ਇਕਾਂਤ, ਸੁੰਦਰ, ਆਕਰਸ਼ਕ ਅਤੇ ਮਹਿਮਾਨਾਂ ਦਾ ਆਦਰ ਕਰਨ ਵਾਲਾ ਲੱਗਦਾ ਹੈ।<br>2. ਪਰਦੇ ਲਾਉਣ ਨਾਲ ਜੇ ਖਿੜਕੀਆਂ ਅਤੇ ਦਰਵਾਜ਼ੇ ਦਾ ਫਰੇਮ ਭੈੜਾ ਹੋਵੇ ਤਾਂ ਉਨ੍ਹਾਂ ਨੂੰ ਲੁਕਾਇਆ ਜਾ ਸਕਦਾ ਹੈ।<br>3. ਇਹ ਜ਼ਿਆਦਾ ਹਵਾ ਅਤੇ ਰੌਸ਼ਨੀ ਨੂੰ ਅੰਦਰ ਆਉਣੋਂ ਰੋਕਦੇ ਹਨ।<br>ਪਰਦੇ ਪਲੇਨ, ਪਰਿੰਟਡ, ਸੂਤੀ, ਰੇਸ਼ਮੀ, ਟਪੈਸਟਰੀ, ਕੇਸਮੈਂਟ, ਖੱਦਰ ਜਾਂ ਸਿਲਕ ਸਾਟਨ ਦੇ ਹੋ ਸਕਦੇ ਹਨ। ਸਭ ਤੋਂ ਵੱਧੀਆ ਸੂਤੀ ਪਰਦੇ ਹੀ ਰਹਿੰਦੇ ਹਨ। |
| 389 | ਫੁੱਲਾਂ ਨੂੰ ਸਜਾਉਣ ਲਈ ਕਿਵੇਂ ਇੱਕਠਾ ਕੀਤਾ ਜਾਂਦਾ ਹੈ?<br>ਉੱਤਰ : ਫੁੱਲ ਵਿਵਸਥਾ ਵਿੱਚ ਫੁੱਲ ਸਭ ਤੋਂ ਕੋਮਲ ਹਨ। ਇਨ੍ਹਾਂ ਨੂੰ ਸਵੇਰੇ ਸ਼ਾਮ ਹੀ ਤੋੜੋ, ਜਦੋਂ ਇਨ੍ਹਾਂ ਤੇ ਧੁੱਪ ਨਾ ਪੈਂਦੀ ਹੋਵੇ। ਫੁੱਲਾਂ ਨੂੰ ਕੱਟਣ ਲਈ ਤੇਜ਼ ਛੁਰੀ ਵਰਤੋਂ ਅਤੇ ਟਾਹਣੀ ਹਮੇਸ਼ਾਂ ਤਿਰਛੀ ਕੱਟੋ ਤਾਂ ਕਿ ਡੰਡੀ ਦਾ ਜ਼ਿਆਦਾ ਹਿੱਸਾ ਪਾਣੀ ਚੂਸ ਸਕੇ। ਫੁੱਲਾਂ ਨੂੰ ਕੱਟਣ ਤੋਂ ਬਾਅਦ ਅੱਠੇ ਘੰਟੇ ਲਈ ਪਾਣੀ ਦੀ ਬਾਲਟੀ ਵਿੱਚ ਪਾ ਦਿਉ ਅਤੇ ਕਿਸੇ ਠੰਢੀ ਤੇ ਹਨੇਰੀ ਥਾਂ ਤੇ ਰੱਖੋ। ਫੁੱਲ ਤੋੜਨ ਲੱਗੇ ਧਿਆਨ ਰੱਖੋ ਕਿ ਫੁੱਲ ਪੂਰਾ ਨਾ ਖਿਲਿਆ ਹੋਵੇ। ਫੁੱਲਾਂ ਨੂੰ ਜ਼ਿਆਦਾ ਸਮਾਂ ਠੀਕ ਰੱਖਣ ਲਈ ਪਾਣੀ ਵਿੱਚ ਨਮਕ, ਲਾਲ ਦੁਆਈ, ਫਟਕਰੀ ਜਾਂ ਕੋਇਲੇ ਦਾ ਚੂਰਾ |

| | |
|---|---|
| | ਵਰਤਿਆ ਜਾ ਸਕਦਾ ਹੈ। |
| 390 | ਫੁੱਲਦਾਨ ਕਿਹੋ ਜਿਹੇ ਹੋਣੇ ਚਾਹੀਦੇ ਹਨ?<br>ਉੱਤਰ : ਅੱਜ ਕੱਲ ਬਾਜ਼ਾਰ ਵਿੱਚ ਕਈ ਰੰਗਾਂ ਅਤੇ ਡਿਜ਼ਾਇਨਾਂ ਦੇ ਫੁੱਲਦਾਨ ਮਿਲਦੇ ਹਨ। ਪਰ ਜ਼ਿਆਦਾ ਡਿਜ਼ਾਇਨ ਵਾਲ ਫੁੱਲਦਾਨ ਫੁੱਲ ਵਿਵਸਥਾ ਲਈ ਨਹੀਂ ਵਰਤਣਾ ਚਾਹੀਦਾ। ਫੁੱਲਦਾਨ ਦੀ ਚੋਣ ਫੁੱਲਾਂ ਦੇ ਰੰਗ, ਆਕਾਰ ਅਤੇ ਜਿਸ ਥਾਂ ਤੇ ਕਰਨੀ ਹੋਵੇ, ਤੇ ਨਿਰਭਰ ਕਰਦੀ ਹੈ। ਜੇ ਫੁੱਲ ਵਿਵਸਥਾ ਖਾਣ ਵਾਲੇ ਮੇਜ਼ ਜਾਂ ਬੈਠਕ ਵਿਚ ਕਰਨੀ ਹੋਵੇ ਤਾਂ ਫੁੱਲਦਾਨ ਛੋਟਾ ਅਤੇ ਘੱਟ ਡੂੰਘਾ ਹੋਣਾ ਚਾਹੀਦਾ ਹੈ। ਇਸ ਫੁੱਲਦਾਨ ਦਾ ਆਕਾਰ ਮੇਜ਼ ਦੇ ਆਕਾਰ ਅਨੁਸਾਰ ਹੋਣਾ ਚਾਹੀਦਾ ਹੈ। ਵੱਡੇ ਭਾਰੇ ਫੁੱਲਾਂ ਲਈ ਥੋੜ੍ਹੇ ਖਰਵੇ ਫੁੱਲਦਾਨ ਵਰਤਣੇ ਚਾਹੀਦੇ ਹਨ। ਅੱਜ ਕੱਲ ਚੀਨੀ, ਪਿੱਤਲ ਅਤੇ ਤਾਂਬੇ ਆਦਿ ਦੇ ਫੁੱਲਦਾਨ ਮਿਲਦੇ ਹਨ। ਨਰਮ ਫੁੱਲਾਂ ਲਈ ਕੱਚ ਅਤੇ ਚਾਂਦੀ ਦੇ ਫੁੱਲਦਾਨ ਠੀਕ ਲੱਗਦੇ ਹਨ। |
| 391 | ਸਟੈਮ ਹੋਲਡਰ ਕਿਹੋ ਜਿਹੇ ਖਰੀਦਣੇ ਚਾਹੀਦੇ ਹਨ?<br>ਉੱਤਰ : ਸਟੈਮ ਹੋਲਡਰ ਫੁੱਲਾਂ ਨੂੰ ਥਾਂ ਸਿਰ ਟਿਕਾਉਣ ਲਈ ਵਰਤੇ ਜਾਂਦੇ ਹਨ ਅਤੇ ਇਹ ਕਈ ਆਕਾਰ ਵਿੱਚ ਮਿਲਦੇ ਹਨ: ਜਿਵੇਂ ਗੋਲ, ਚੌਰਸ, ਤਿਕੋਨੇ, ਆਇਤਾਕਾਰ ਅਤੇ ਅਰਧ ਚੰਦ ਦੇ ਆਕਾਰ ਵਿੱਚ। ਸਟੈਮ ਹੋਲਡਰ ਖਰੀਦਣ ਵੇਲੇ ਇਹ ਵੇਖਣਾ ਜ਼ਰੂਰੀ ਹੈ ਕਿ ਇਹ ਭਾਰਾ ਹੋਵੇ, ਇਸ ਦੀਆਂ ਕਿੱਲਾਂ ਜਾਂ ਪਿੰਨਾਂ ਵਿੱਚ ਬਹੁਤ ਜ਼ਿਆਦਾ ਦੂਰੀ ਨਾ ਹੋਵੇ। ਸਟੈਮ ਹੋਲਡਰ ਦੀ ਚੋਣ ਫੁੱਲ ਵਿਵਸਥਾ ਅਨੁਸਾਰ ਹੀ ਕੀਤੀ ਜਾਂਦੀ ਹੈ। ਸਟੈਮ ਹੋਲਡਰ ਚੀਨੀ ਮਿੱਟੀ ਅਤੇ ਸ਼ੀਸ਼ੇ ਦੇ ਵੀ ਮਿਲਦੇ ਹਨ, ਪਰ ਇਨ੍ਹਾਂ ਦੇ ਸੁਰਾਖ ਵੱਡੇ ਹੋਣ ਕਰਕੇ ਇਨ੍ਹਾਂ ਵਿੱਚ ਡੰਡੀਆਂ ਫਸਾਉਣੀਆਂ ਮੁਸ਼ਕਿਲ ਹੁੰਦੀਆਂ ਹਨ। ਅੱਜ ਕੱਲ ਫੁੱਲਾਂ ਦੀਆਂ ਟਾਹਣੀਆਂ ਨੂੰ ਆਪਣੀ ਜਗ੍ਹਾ ਤੇ ਟਿਕਾਉਣ ਲਈ ਸਟੈਮ ਫੋਮ ਜਾਂ ਉਏਸਿਸ ਅਤੇ ਤਾਰ ਦੀ ਜਾਲੀ ਵੀ ਵਰਤੀ ਜਾਂਦੀ ਹੈ। |
| 392 | ਰੈਕਸੀਨ ਜਾਂ ਚਮੜੇ ਦੇ ਫਰਨੀਚਰ ਦੀ ਦੇਖਭਾਲ ਕਿਵੇਂ ਕੀਤੀ ਜਾਂਦੀ ਹੈ?<br>ਉੱਤਰ : ਰੈਕਸੀਨ ਦਾ ਫਰਨੀਚਰ ਸਾਫ਼ ਕਰਨਾ ਬਹੁਤ ਸੌਖਾ ਹੈ। ਇਸ ਨੂੰ ਗਿੱਲੇ ਕੱਪੜੇ ਨਾਲ ਸਾਫ਼ ਕੀਤਾ ਜਾ ਸਕਦਾ ਹੈ ਤੇ ਲੋੜ ਪੈਣ ਤੇ ਧੋਇਆ ਵੀ ਜਾ ਸਕਦਾ ਹੈ। ਚਮੜੇ ਦਾ ਫਰਨੀਚਰ ਬਹੁਤ ਮਹਿੰਗਾ ਹੁੰਦਾ ਹੈ ਇਸ ਲਈ ਇਸ ਦੀ ਵਰਤੋਂ ਘੱਟ ਹੀ ਕੀਤੀ ਜਾਂਦੀ ਹੈ। ਇਸ ਦੀ ਰੋਜ਼ ਝਾੜ-ਪੂੰਝ ਕਰਨੀ ਚਾਹੀਦੀ ਹੈ ਤੇ ਬਰਸਾਤਾਂ ਨੂੰ ਇਹ ਚੰਗੀ ਤਰ੍ਹਾਂ ਸੁੱਕਾ ਹੋਣਾ ਚਾਹੀਦਾ ਹੈ ਤਾਂ |



Manpreet Kaur
Ramandeep

| | |
|---|---|
| | ਕਿ ਇਸ ਨੂੰ ਉੱਲੀ ਨਾ ਲੱਗੇ। ਚਮੜੇ ਦੇ ਫਰਨੀਚਰ ਨੂੰ ਸਾਲ ਵਿੱਚ ਦੋ ਵਾਰ, ਦੋ ਹਿੱਸੇ ਅਲਸੀ ਦਾ ਤੇਲ ਅਤੇ ਇੱਕ ਹਿੱਸਾ ਸਿਰਕਾ ਮਿਲਾ ਕੇ ਬਣੇ ਘੋਲ ਨਾਲ ਪਾਲਿਸ਼ ਕਰਨਾ ਚਾਹੀਦਾ ਹੈ। |
| 393 | ਬੈਂਤ ਦੇ ਫਰਨੀਚਰ ਦੀ ਦੇਖਭਾਲ ਕਿਵੇਂ ਕੀਤੀ ਜਾਂਦੀ ਹੈ?<br>ਉੱਤਰ : ਅਜਿਹੇ ਫਰਨੀਚਰ ਦੀ ਵਰਤੋਂ ਆਮ ਕਰਕੇ ਗਾਰਡਨ ਜਾਂ ਲਾਨ ਵਿੱਚ ਕੀਤੀ ਜਾਂਦੀ ਹੈ। ਅੱਜ ਕੱਲ ਕੇਨ ਦੇ ਬਣੇ ਡਾਈਨਿੰਗ ਟੇਬਲ, ਕੁਰਸੀਆਂ ਅਤੇ ਸੋਫੇ ਵੀ ਮਿਲ ਜਾਂਦੇ ਹਨ। ਨਾਈਲੋਨ ਵਾਲੇ ਕੇਨ ਫਰਨੀਚਰ ਨੂੰ ਜ਼ਿਆਦਾ ਧੁੱਪ ਵਿੱਚ ਨਹੀਂ ਰੱਖਣਾ ਚਾਹੀਦਾ ਕਿਉਂਕਿ ਧੁੱਪ ਵਿੱਚ ਇਹ ਖਰਾਬ ਹੋ ਜਾਂਦੀ ਹੈ। ਇਸ ਨੂੰ ਸੁੱਕੇ ਜਾਂ ਗਿੱਲੇ ਕੱਪੜੇ ਨਾਲ ਸਾਫ ਕੀਤਾ ਜਾ ਸਕਦਾ ਹੈ। ਜ਼ਿਆਦਾ ਗੰਦਾ ਹੋਵੇ ਤਾਂ ਨਮਕ ਜਾਂ ਡਿਟਰਜੈਂਟ ਵਾਲੇ ਪਾਣੀ ਨਾਲ ਇਸ ਨੂੰ ਧੋ ਲਵੋ ਤੇ ਸਾਫ ਕੱਪੜੇ ਨਾਲ ਸੁਕਾ ਲਵੋ। ਮੋਮ ਵਾਲੇ ਕੇਨ ਨੂੰ ਰੋਜ਼ ਸਾਫ ਕਰਕੇ ਸੁੱਕੇ ਕੱਪੜੇ ਨਾਲ ਪੂੰਝ ਲੈਣਾ ਚਾਹੀਦਾ ਹੈ। ਜ਼ਿਆਦਾ ਖਰਾਬ ਹੋਣ ਤੇ ਰੇਤੀ ਕਾਗਜ਼ ਨਾਲ ਸਾਰੇ ਪਾਸਿਉ ਰਗੜ ਕੇ ਮੁੜ ਤੋਂ ਵੈਕਸ ਪਾਲਿਸ਼ ਕਰਾ ਲਵੋ। ਪੇਂਟ ਕੀਤੇ ਕੇਨ ਨੂੰ ਦੋ ਕੁ ਸਾਲਾਂ ਬਾਅਦ ਮੁੜ ਪੇਂਟ ਕਰਵਾ ਲੈਣਾ ਚਾਹੀਦਾ ਹੈ। |
| 394 | ਘਰ ਅੰਦਰਲੀ ਸਜਾਵਟ ਤੋਂ ਕੀ ਭਾਵ ਹੈ?<br>ਉੱਤਰ : ਹਰ ਔਰਤ ਸੁੰਦਰਤਾ ਅਤੇ ਸਜਾਵਟ ਵਾਲੀ ਚੀਜ਼ ਨੂੰ ਪਰਖਣ ਦੀ ਇੱਕ ਕੁਦਰਤੀ ਯੋਗਤਾ ਰੱਖਦੀ ਹੈ। ਘਰ ਦੀ ਸਜਾਵਟ ਗ੍ਰਹਿਣੀ ਦੀ ਰਚਨਾਤਮਕ ਯੋਗਤਾ ਨੂੰ ਪ੍ਰਗਟਾਉਂਦੀ ਹੈ। ਇਸੇ ਲਈ ਇਸ ਨੂੰ ਰਚਨਾਤਮਕ ਕਲਾ ਕਿਹਾ ਜਾਂਦਾ ਹੈ। ਸੋ ਘਰ ਦੇ ਹਰ ਕਮਰੇ ਅਤੇ ਸਮੁੱਚੇ ਘਰ ਦੀ ਸਜਾਵਟ ਨੂੰ ਹੀ ਘਰ ਦੀ ਅੰਦਰਲੀ ਸਜਾਵਟ ਕਿਹਾ ਜਾਂਦਾ ਹੈ। ਭਾਵ ਕਿ ਘਰ ਦਾ ਹਰ ਇੱਕ ਕਮਰਾ ਕਲਾ ਅਤੇ ਡਿਜ਼ਾਇਨ ਦੇ ਮੂਲ ਅੰਸ਼ਾਂ ਅਤੇ ਸਿਧਾਂਤਾਂ ਦੇ ਅਨੁਸਾਰ ਸਜਾਉਣਾ ਹੀ ਘਰ ਦੀ ਅੰਦਰਲੀ ਸਜਾਵਟ ਹੈ। ਘਰ ਦੀ ਸਜਾਵਟ ਘਰ ਨੂੰ ਆਕਰਸ਼ਕ ਅਤੇ ਸੋਹਣਾ ਬਣਾਉਣ ਲਈ ਕੀਤੀ ਜਾਂਦੀ ਹੈ ਪਰ ਇਹ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ ਕਿ ਸਜਾਵਟ ਨਾਲ ਪਰਿਵਾਰ ਦੇ ਮੈਂਬਰਾਂ ਦੇ ਆਰਾਮ ਅਤੇ ਕੰਮ ਕਰਨ ਵਿੱਚ ਰੁਕਾਵਟ ਨਾ ਪਵੇ। |
| | ਪਾਠ-6<br>ਭੋਜਨ ਅਤੇ ਪੋਸ਼ਟਿਕ ਤੱਤ |
| 395 | ਭੋਜਨ ਸਾਡੇ ਸਰੀਰ ਵਿੱਚ ਕਿਹੜੇ ਕਿਹੜੇ ਕੰਮ ਕਰਦਾ ਹੈ? |

| | |
|---|---|
| | ਉੱਤਰ : ਭੋਜਨ ਪ੍ਰਣਾਲੀ ਨੂੰ ਜਿਉਂਦੇ ਰੱਖਣ ਤੋਂ ਇਲਾਵਾ ਸਰੀਰ ਵਿੱਚ ਹੇਠ ਲਿਖੇ ਕੰਮ ਕਰਦਾ ਹੈ:-<br>1. ਸਰੀਰ ਨੂੰ ਸ਼ਕਤੀ ਦਿੰਦਾ ਹੈ-ਮਸ਼ੀਨ ਵਾਂਗ ਮਨੁੱਖੀ ਸਰੀਰ ਨੂੰ ਵੀ ਸ਼ਕਤੀ ਦੀ ਲੋੜ ਪੈਂਦੀ ਹੈ ਜੋ ਕਿ ਭੋਜਨ ਤੋਂ ਪ੍ਰਾਪਤ ਹੁੰਦੀ ਹੈ।<br>2. ਸਰੀਰ ਦਾ ਵਾਧਾ-ਜਨਮ ਤੋਂ ਲੈ ਕੇ ਜਵਾਨੀ ਤੱਕ ਮਨੁੱਖੀ ਸਰੀਰ ਵਿੱਚ ਲਗਾਤਾਰ ਵਾਧਾ ਹੁੰਦਾ ਹੈ। ਇਸ ਵਾਧੇ ਪਿੱਛੇ ਭੋਜਨ ਦੀ ਸ਼ਕਤੀ ਹੀ ਕੰਮ ਕਰਦੀ ਹੈ।<br>3. ਟੁੱਟੇ ਤੰਤੂਆਂ ਦੀ ਮੁਰੰਮਤ- ਭੋਜਨ ਸਰੀਰ ਦੇ ਨਸ਼ਟ ਹੋਏ ਤੰਤੂਆਂ ਦੀ ਥਾਂ ਤੇ ਨਵੇਂ ਤੰਤੂ ਬਣਾਉਂਦਾ ਹੈ। |
| 396 | ਪ੍ਰੋਟੀਨ ਦੇ ਸਰੋਤ ਕਿਹੜੇ ਹਨ?<br>ਉੱਤਰ : ਪ੍ਰੋਟੀਨ ਦੀ ਪ੍ਰਾਪਤੀ ਦੇ ਸਰੋਤ ਹੇਠਾਂ ਲਿਖੇ ਹਨ:<br>1. ਪਸ਼ੂ ਜਗਤ ਤੋਂ ਪ੍ਰਾਪਤ ਹੋਣ ਵਾਲੇ ਪ੍ਰੋਟੀਨ: ਜਿਵੇਂ ਦੁੱਧ ਤੇ ਦੁੱਧ ਤੋਂ ਬਣੇ ਪਦਾਰਥ: ਪਨੀਰ ਦਹੀ, ਖੋਆ ਮੱਖਣ ਆਦਿ, ਮੀਟ, ਮੁਰਗਾ, ਮੱਛੀ ਅੰਡੇ ਆਦਿ। ਜੀਵ ਪ੍ਰੋਟੀਨ ਬਨਸਪਤੀ ਪ੍ਰੋਟੀਨ ਤੋਂ ਚੰਗੀ ਸਮਝੀ ਜਾਂਦੀ ਹੈ ਕਿਉਂਕਿ ਇਸ ਵਿੱਚ ਲੋੜੀਂਦੇ ਅਮੀਨੋ ਐਸਿਡ ਲੋੜੀਂਦੀ ਮਾਤਰਾ ਵਿੱਚ ਪਾਏ ਜਾਂਦੇ ਹਨ।<br>2. ਬਨਸਪਤੀ ਜਗਤ ਤੋਂ ਮਿਲਣ ਵਾਲੀ ਪ੍ਰੋਟੀਨ: ਜਿਵੇਂ ਦਾਲਾਂ, ਸੋਇਆਬੀਨ, ਮੂੰਗਫਲੀ, ਤਿਲ, ਬਦਾਮ, ਪਿਸਤਾ,ਨਾਰੀਅਲ, ਮਟਰ, ਫਰਾਂਸ ਬੀਨ ਆਦਿ। |
| 397 | ਪ੍ਰੋਟੀਨ ਦੇ ਸਾਡੇ ਸਰੀਰ ਵਿੱਚ ਮੁੱਖ ਕੰਮ ਕੀ ਹਨ?<br>ਉੱਤਰ : ਪ੍ਰੋਟੀਨ ਦੇ ਕੰਮ:<br>1. ਸਰੀਰ ਦੀ ਸੁਰੱਖਿਆ ਅਤੇ ਵਿਕਾਸ ਦਾ ਕੰਮ<br>2. ਸਰੀਰ ਨੂੰ ਊਰਜਾ ਦੇਣ ਦਾ ਕੰਮ<br>3. ਰੋਗਾਂ ਨਾਲ ਲੜਨ ਲਈ ਸ਼ਕਤੀ ਵਧਾਉਣਾ<br>4. ਖੂਨ ਬਣਾਉਣ ਵਿਚ ਸਹਾਇਕ<br>5. ਅਮਲ ਅਤੇ ਖਾਰ ਵਿੱਚ ਸੰਤੁਲਨ ਰੱਖਣਾ<br>6. ਹਾਰਮੋਨਜ਼ ਅਤੇ ਐਂਜ਼ਾਇਮ ਬਣਾਉਣ ਦਾ ਕੰਮ<br>7. ਮਾਨਸਿਕ ਸ਼ਕਤੀ ਪ੍ਰਦਾਨ ਕਰਨਾ |



Manpreet Kaur
Ramandeep

| | |
|---|---|
| | 8. ਨਵੇਂ ਸੈੱਲਾਂ ਦਾ ਨਿਰਮਾਣ ਅਤੇ ਟੁੱਟੇ ਭੱਜੇ ਸੈੱਲਾਂ ਦੀ ਮੁਰੰਮਤ ਕਰਨਾ। |
| 398 | ਕਾਰਬੋਹਾਈਡ੍ਰੇਟਸ ਸਾਡੇ ਸਰੀਰ ਵਿੱਚ ਕੀ ਕੰਮ ਕਰਦੀ ਹੈ?<br>ਉੱਤਰ :<br>1. ਸ਼ਕਤੀ ਪ੍ਰਦਾਨ ਕਰਨਾ: ਕਾਰਬੋਹਾਈਡ੍ਰੇਟਸ ਦਾ ਮੁੱਖ ਕੰਮ ਸਰੀਰਕ ਕੰਮਾਂ ਲਈ ਗਰਮੀ ਅਤੇ ਸ਼ਕਤੀ ਦੇਣਾ ਹੈ। ਇਕ ਗ੍ਰਾਮ ਕਾਰਬੋਹਾਈਡ੍ਰੇਟਸ ਤੋਂ 4 ਕਲੋਰੀਆਂ ਊਰਜਾ ਮਿਲਦੀ ਹੈ।<br>2. ਪ੍ਰੋਟੀਨ ਇੱਕ ਮਹਿੰਗਾ ਸ੍ਰੋਤ ਹੈ ਅਤੇ ਕਾਰਬੋਹਾਈਡ੍ਰੇਟਸ ਪ੍ਰੋਟੀਨ ਦੀ ਬੱਚਤ ਕਰਦੇ ਹਨ ਤਾਂ ਕਿ ਪ੍ਰੋਟੀਨ ਸਰੀਰ ਨਿਰਮਾਣ ਦਾ ਕੰਮ ਕਰ ਸਕੇ।<br>3. ਇਹ ਚਿਕਨਾਈ ਦੀ ਕਮੀ ਨੂੰ ਵੀ ਪੂਰਾ ਕਰਦੇ ਹਨ ਅਤੇ ਚਿਕਨਾਈ ਦੇ ਉਪਪਾਚਨ ਵਿਚ ਵੀ ਸਹਾਇਕ ਹੁੰਦੇ ਹਨ।<br>4. ਕਾਰਬੋਹਾਈਡ੍ਰੇਟਸ ਭੋਜਨ ਨੂੰ ਸੁਆਦੀ ਬਣਾਉਂਦੇ ਹਨ।<br>5. ਇਹਨਾਂ ਵਿੱਚਲਾ ਸੈਲੂਲੋਜ਼ ਸਰੀਰ ਵਿੱਚੋਂ ਮਲ ਕੱਢਣ ਵਿੱਚ ਸਹਾਇਤਾ ਕਰਦਾ ਹੈ। |
| 399 | ਚਰਬੀ ਸਾਡੇ ਸਰੀਰ ਵਿੱਚ ਕੀ ਕੰਮ ਕਰਦੀ ਹੈ?<br>ਉੱਤਰ :<br>1. ਚਰਬੀ ਦਾ ਸਭ ਤੋਂ ਮੁੱਖ ਕੰਮ ਗਰਮੀ ਅਤੇ ਸ਼ਕਤੀ ਪੈਦਾ ਕਰਨਾ ਹੈ, ਇੱਕ ਗ੍ਰਾਮ ਚਰਬੀ ਤੋਂ 9 ਕੈਲੋਰੀ ਊਰਜਾ ਮਿਲਦੀ ਹੈ।<br>2. ਇਹ ਭੋਜਨ ਨੂੰ ਸੁਆਦ ਬਣਾਉਂਦੀ ਹੈ।<br>3. ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨਾਂ ਦਾ ਜ਼ਰੂਰੀ ਸਾਧਨ ਹੈ।<br>4. ਸਰੀਰ ਦੇ ਕੋਮਲ ਅੰਗਾਂ ਦੀ ਸੁਰੱਖਿਆ ਕਰਦੀ ਹੈ।<br>5. ਸਰੀਰਕ ਤਾਪਮਾਨ ਨੂੰ ਨਿਯਮਤ ਰੱਖਣ ਵਿੱਚ ਮਦਦ ਕਰਦੀ ਹੈ।<br>6. ਸੰਤੁਸ਼ਟੀ ਦਿੰਦੀ ਹੈ।<br>7. ਚਮੜੀ ਦੀ ਸਿਹਤ ਲਈ ਜ਼ਰੂਰੀ ਹੈ। |
| 400 | ਚਰਬੀ ਦੀ ਘਾਟ ਜਾਂ ਕਮੀ ਦਾ ਸਰੀਰ ਤੇ ਕੀ ਅਸਰ ਪੈਂਦਾ ਹੈ?<br>ਉੱਤਰ : ਚਰਬੀ ਦੀ ਕਮੀ ਨਾਲ ਹੇਠ ਲਿਖੇ ਨੁਕਸਾਨ ਹੁੰਦੇ ਹਨ: |

| | |
|---|---|
| | 1. ਚਰਬੀ ਦੀ ਕਮੀ ਨਾਲ ਚਿਕਨਾਈ ਵਿੱਚ ਘੁਲਣਸ਼ੀਲ ਵਿਟਾਮਿਨ ਸਰੀਰ ਨੂੰ ਨਹੀਂ ਮਿਲਦੇ ਤੇ ਉਨਾਂ ਦੀ ਘਾਟ ਨਾਲ ਹੋਣ ਵਾਲੇ ਰੋਗ ਹੋ ਜਾਂਦੇ ਹਨ।<br>2. ਜ਼ਰੂਰੀ ਵਸਾ ਅਮਲਾ ਦੀ ਘਾਟ ਹੋ ਜਾਂਦੀ ਹੈ, ਜਿਸ ਦਾ ਅਸਰ ਅੱਖਾਂ ਅਤੇ ਚਮੜੀ ਤੇ ਬੁਰਾ ਪੈਂਦਾ ਹੈ।<br>3. ਚਰਬੀ ਦੀ ਕਮੀ ਕਾਰਨ ਸਰੀਰ ਉਰਜਾ ਵਾਸਤੇ ਪ੍ਰੋਟੀਨ ਦੀ ਵਰਤੋਂ ਸ਼ੁਰੂ ਹੋ ਜਾਂਦੀ ਹੈ ਜਿਸ ਨਾਲ ਸਰੀਰ ਨਿਰਮਾਣ ਦਾ ਕੰਮ ਰੁਕ ਜਾਂਦਾ ਹੈ।<br>4. ਇਸ ਦੀ ਘਾਟ ਨਾਲ ਪਾਚਨ ਪ੍ਰਣਾਲੀ ਤੇ ਵੀ ਅਸਰ ਪੈਂਦਾ ਹੈ ਤੇ ਕਬਜ਼ ਰਹਿਣ ਲੱਗ ਪੈਂਦੀ ਹੈ।<br>5. ਚਰਬੀ ਦੀ ਕਮੀ ਨਾਲ ਮਨੁੱਖ ਦਾ ਸਰੀਰ ਹੱਡੀਆਂ ਦਾ ਢਾਂਚਾ ਬਣ ਜਾਂਦਾ ਹੈ। |
| 401 | ਅਮੀਨੋ ਐਸਿਡ ਕਿੰਨੀ ਤਰ੍ਹਾਂ ਦੇ ਹੁੰਦੇ ਹਨ ਅਤੇ ਕਿਹੜੇ ਹਨ?<br>ਉੱਤਰ : ਅਮੀਨੋ ਐਸਿਡ ਦੋ ਤਰ੍ਹਾਂ ਦੇ ਹੁੰਦੇ ਹਨ:<br>1.ਜ਼ਰੂਰੀ ਅਮੀਨੋ ਐਸਿਡ<br>2.ਗੈਰ ਜ਼ਰੂਰੀ ਅਮੀਨੋ ਐਸਿਡ<br>1. ਜ਼ਰੂਰੀ ਅਮੀਨੋ ਐਸਿਡ: ਇਹ ਸਾਨੂੰ ਭੋਜਨ ਤੋਂ ਲੈਣੇ ਜ਼ਰੂਰੀ ਹਨ ਕਿਉਂਕਿ ਇਹਨਾਂ ਦਾ ਸੰਸਲੇਸ਼ਣ ਸਾਡੇ ਸਰੀਰ ਵਿੱਚ ਨਹੀਂ ਹੋ ਸਕਦਾ ਅਤੇ ਸਰੀਰ ਦੇ ਉਚਿਤ ਵਿਕਾਸ ਲਈ ਜ਼ਰੂਰੀ ਹਨ।<br>2. ਗੈਰ-ਜ਼ਰੂਰੀ ਅਮੀਨੋ ਐਸਿਡ: ਇਹਨਾਂ ਦਾ ਸੰਸਲੇਸ਼ਣ ਸਾਡੇ ਸ਼ਰੀਰ ਵਿੱਚ ਹੋ ਸਕਦਾ ਹੈ। |
| 402 | ਸਰੀਰ ਵਿੱਚ ਪ੍ਰੋਟੀਨ ਦੀ ਘਾਟ ਦਾ ਕੀ ਅਸਰ ਪੈਂਦਾ ਹੈ?<br>ਉੱਤਰ : ਪ੍ਰੋਟੀਨ ਦੀ ਘਾਟ ਨਾਲ ਸਰੀਰ ਤੇ ਹੇਠਾਂ ਲਿਖੇ ਪ੍ਰਭਾਵ ਪੈਂਦੇ ਹਨ:<br>1. ਸਰੀਰ ਬਣਤਰ, ਵਾਧੇ ਅਤੇ ਵਿਕਾਸ ਵਿੱਚ ਕਮੀ ਆ ਜਾਂਦੀ ਹੈ।<br>2. ਮਾਸਪੇਸ਼ੀਆਂ ਸੁਸਤ ਅਤੇ ਉਤਸ਼ਾਹਹੀਨ ਹੋ ਜਾਂਦੀਆਂ ਹਨ।<br>3. ਵਿਵਹਾਰ ਵਿੱਚ ਚਿੜਚਿੜਾਪਣ, ਗੁੱਸਾ ਅਤੇ ਕ੍ਰੋਧ ਦਾ ਹੋਣ।<br>4. ਮਾਨਸਿਕ ਵਿਕਾਸ ਵਿੱਚ ਕਮੀ।<br>5. ਨਹੁੰਆਂ ਉੱਤੇ ਚਿੱਟੇ ਦਾਗ ਪੈ ਜਾਂਦੇ ਹਨ ਅਤੇ ਇਹ ਭੁਰਣ ਲੱਗ ਜਾਂਦੇ ਹਨ।<br>6. ਵਾਲ ਰੁੱਖੇ ਅਤੇ ਦੋ ਮੂੰਹੇ ਹੋ ਕੇ ਟੁੱਟਣ ਲੱਗ ਜਾਂਦੇ ਹਨ। |

| | |
|---|---|
| | 7. ਰੋਗ ਨਿਰੋਧਕ ਸ਼ਕਤੀ ਘੱਟ ਜਾਂਦੀਹੈ।<br>8. ਭੋਜਨ ਵਿੱਚ ਲਗਾਤਾਰ ਪ੍ਰੋਟੀਨ ਦੀ ਕਮੀ ਹੋਣ ਨਾਲ ਕਵਾਸ਼ਿਯਰਕਰ ਨਾਮ ਦੀ ਬਿਮਾਰੀ ਹੋ ਜਾਂਦੀ ਹੈ। |
| 403 | ਵਿਟਾਮਿਨ 'ਏ' ਦੇ ਕੀ ਕੰਮ ਹਨ?<br>ਉੱਤਰ : ਇਹ ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਹੈ ਅਤੇ ਇਸਦੇ ਕੰਮ ਹੇਠਾਂ ਲਿਖੇ ਹਨ:<br>1. ਸਰੀਰ ਦੇ ਵਾਧੇ ਲਈ ਜ਼ਰੂਰੀ ਹੈ।<br>2. ਅੱਖਾਂ ਦੀ ਰੋਸ਼ਨੀ ਲਈ ਬਹੁਤ ਜ਼ਰੂਰੀ ਹੈ।<br>3. ਚਮੜੀ ਦੀ ਉਪਰਲੀ ਪਰਤ ਦੇ ਤੰਤੂਆਂ ਜਾਂ ਸਤ੍ਹਾ ਨੂੰ ਠੀਕ ਰੱਖਣ ਲਈ ਲੋੜ ਹੁੰਦੀ ਹੈ।<br>4. ਬਿਮਾਰੀਆਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਨੂੰ ਬਣਾਈ ਰੱਖਣ ਵਿੱਚ ਸਹਾਇਤਾ ਕਰਦਾ ਹੈ।<br>5. ਹੱਡੀਆਂ ਦੇ ਵਾਧੇ ਅਤੇ ਬਨਾਵਟ ਲਈ ਜ਼ਰੂਰੀ ਹੈ।<br>6. ਦੰਦਾਂ ਦੀ ਮਜ਼ਬੂਤੀ ਲਈ ਵੀ ਇਸ ਦੀ ਲੋੜ ਹੈ। |
| 404 | ਫੋਕ ਦੀ ਸੰਤੁਲਿਤ ਆਹਾਰ ਵਿੱਚ ਕੀ ਮਹੱਤਤਾ ਹੈ?<br>ਉੱਤਰ : ਫੋਕ ਕੇ ਕੰਮ: ਇਹ ਸਰੀਰ ਨੂੰ ਕੋਈ ਵੀ ਪੌਸ਼ਟਿਕ ਤੱਤ ਨਹੀਂ ਦਿੰਦੇ ਫਿਰ ਵੀ ਇਹਨਾਂ ਦੀ ਸਰੀਰ ਲਈ ਬਹੁਤ ਮਹੱਤਤਾ ਹੈ:<br>1. ਇਹਨਾਂ ਨਾਲ ਭੋਜਨ ਦੀ ਮਾਤਰਾ ਵੱਧ ਜਾਂਦੀ ਹੈ।<br>2. ਫੋਕ ਨਾਲ ਭੋਜਨ ਨੂੰ ਪਾਚਨ ਪ੍ਰਣਾਲੀ ਨੂੰ ਚਲਾਉਣ ਵਿੱਚ ਸਹਾਇਤਾ ਮਿਲਦੀ ਹੈ।<br>3. ਆਂਤੜੀਆਂ ਤੇ ਪੱਠਿਆਂ ਨੂੰ ਕਿਰਿਆਸ਼ੀਲ ਰੱਖਣ ਵਿੱਚ ਮਦਦ ਕਰਦੇ ਹਨ।<br>4. ਪਾਚਨ ਤੋਂ ਬਾਅਦ ਮਲ ਬਾਹਰ ਕੱਢਣ ਵਿਚ ਸਹਾਇਤਾ ਕਰਦੇ ਹਨ।<br>5. ਕਬਜ਼ ਨੂੰ ਦੂਰ ਕਰਦੇ ਹਨ।<br>6. ਇਹ ਕੁੱਝ ਅਜਿਹੇ ਜੀਵਾਣੂਆਂ ਦੇ ਬਣਨ ਵਿੱਚ ਸਹਾਇਤਾ ਕਰਦੇ ਹਨ ਜੋ ਕਿ ਪਿੱਤ ਐਸਿਡ ਨੂੰ ਤੋੜਦੇ ਹਨ। |
| 405 | ਵਿਟਾਮਿਨ ਸੀ ਦੇ ਮੁਖ ਕੰਮ ਕੀ ਹਨ?<br>ਉੱਤਰ : ਇਹ ਪਾਣੀ ਵਿੱਚ ਘੁਲਣਸ਼ੀਲ ਵਿਟਾਮਿਨ ਹੈ। ਇਸ ਨੂੰ ਐਸਕੋਰਬਿਕ ਐਸਿਡ ਵੀ |

| | |
|---|---|
| | ਕਹਿੰਦੇ ਹਨ। ਇਸ ਦੇ ਕੰਮ ਹੇਠਾਂ ਲਿਖੇ ਹਨ:<br>1. ਦੰਦਾਂ ਅਤੇ ਮਸੂੜਿਆਂ ਦੇ ਠੀਕ ਵਿਕਾਸ ਲਈ ਇਹ ਜ਼ਰੂਰੀ ਹੈ।<br>2. ਜ਼ਖਮਾਂ ਨੂੰ ਠੀਕ ਕਰਨ ਲਈ ਲੋੜੀਂਦਾ ਹੈ।<br>3. ਇਹ ਲੋਹੇ ਅਤੇ ਕੈਲਸ਼ੀਅਮ ਦੇ ਸ਼ੋਸ਼ਣ ਲਈ ਜ਼ਰੂਰੀ ਹੈ।<br>4. ਫੋਲਿਕ ਏਸਿਡ ਦੇ ਪਾਚਨ ਵਿੱਚ ਮਦਦ ਕਰਦਾ ਹੈ।<br>5. ਸਰੀਰ ਨੂੰ ਛੂਤ ਵਾਲੇ ਰੋਗਾਂ ਨਾਲ ਲੜਨ ਦੀ ਸ਼ਕਤੀ ਦਿੰਦਾ ਹੈ। ਵਿਟਾਮਿਨ ਸੀ ਲੈਣ ਨਾਲ ਜ਼ੁਕਾਮ ਆਦਿ ਤੋਂ ਅਰਾਮ ਮਿਲਦਾ ਹੈ। |
| 406 | ਪਾਣੀ ਸਾਡੇ ਸਰੀਰ ਲਈ ਮਹੱਤਵਪੂਰਨ ਕਿਉਂ ਹੈ?<br>ਉੱਤਰ : ਇਸ ਦੇ ਕੰਮ ਹੇਠਾਂ ਲਿਖੇ ਹਨ:<br>1. ਸਰੀਰ ਨਿਰਮਾਣ ਦੇ ਕੰਮ ਆਉਂਦਾ ਹੈ। ਸਰੀਰ ਦੇ ਹਰ ਸੈੱਲ ਵਿੱਚ ਪਾਣੀ ਹੁੰਦਾ ਹੈ ਅਤੇ ਹਰ ਸੈੱਲ ਦੇ ਨਿਰਮਾਣ ਲਈ ਇਸ ਦੀ ਵਰਤੋਂ ਹੁੰਦੀ ਹੈ।<br>2. ਪਾਣੀ ਚੰਗਾ ਘੋਲਕ ਵੀ ਹੈ।<br>3. ਇਹ ਵਿਅਰਥ ਪਦਾਰਥਾਂ ਨੂੰ ਸਰੀਰ ਵਿੱਚੋਂ ਬਾਹਰ ਕੱਢਣ ਵਿੱਚ ਸਹਾਇਤਾ ਕਰਦਾ ਹੈ।<br>4. ਅੰਗਾਂ ਵਿੱਚ ਜਾਂ ਹੱਡੀਆਂ ਵਿੱਚ ਆਪਸੀ ਰਗੜ ਨਹੀਂ ਹੋਣ ਦਿੰਦਾ।<br>5. ਸਰੀਰ ਦਾ ਤਾਪਮਾਨ ਨਿਯਮਿਤ ਰੱਖਦਾ ਹੈ।<br>6. ਪਾਚਣ ਕਿਰਿਆ ਵਿੱਚ ਸਹਾਇਤਾ ਕਰਦਾ ਹੈ।<br>7. ਕੋਮਲ ਅੰਗਾਂ ਜਿਵੇਂ ਦਿਲ, ਦਿਮਾਗ, ਫੇਫੜਿਆਂ ਦੇ ਬਚਾਓ ਕਰਨ ਲਈ ਪਾਣੀ ਗੱਤੀ ਦੇ ਰੂਪ ਵਿੱਚ ਕੰਮ ਆਉਂਦਾ ਹੈ। |
| | ਪਾਠ-7 (ਸੰਤੁਲਿਤ ਭੋਜਨ) |
| 407 | ਸੰਤੁਲਿਤ ਭੋਜਨ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਸੰਤੁਲਿਤ ਭੋਜਨ ਤੋਂ ਭਾਵ ਅਜਿਹੀ ਮਿਲੀ ਜੁਲੀ ਖੁਰਾਕ ਤੋਂ ਹੈ ਜਿਸ ਵਿੱਚ ਭੋਜਨ ਦੇ ਸਾਰੇ ਜ਼ਰੂਰੀ ਤੱਤ ਜਿਵੇਂ ਪ੍ਰੋਟੀਨ, ਕਾਰਬੋਜ਼, ਵਿਟਾਮਿਨ, ਖਣਿਜ ਲੂਣ ਆਦਿ ਪੂਰੀ ਮਾਤਰਾ ਵਿੱਚ ਹੋਣ। ਭੋਜਨ ਨਾ ਕੇਵਲ ਮਾਪ ਤੋਲ ਵਿੱਚ ਪੂਰਾ ਹੋਵੇ, ਸਗੋਂ ਗੁਣਕਾਰੀ ਵੀ ਹੋਵੇ ਤਾਂ ਜੋ ਮਨੁੱਖ ਦਾ ਸਰੀਰਕ ਤੇ ਮਾਨਸਿਕ ਵਾਧਾ ਵੀ ਹੋ ਸਕੇ ਅਤੇ ਬਿਮਾਰੀਆਂ ਨਾਲ ਲੜਨ ਦੀ |

| | |
|---|---|
| | ਸਮੱਰਥਾ ਵੀ ਬਣੀ ਰਹੇ। ਸੰਤੁਲਿਤ ਭੋਜਨ ਸਾਰੇ ਵਿਅਕਤੀਆਂ ਲਈ ਇੱਕੋ ਜਿਹਾ ਨਹੀਂ ਹੋ ਸਕਦਾ। ਸਰੀਰਕ ਮਿਹਨਤ ਕਰਨ ਵਾਲੇ ਵਿਅਕਤੀਆਂ ਲਈ ਜਿਹੜਾ ਭੋਜਨ ਸੰਤੁਲਿਤ ਹੋਵੇਗਾ, ਉਹ ਇੱਕ ਦਫ਼ਤਰੀ ਕੰਮ ਕਰਨ ਵਾਲੇ ਨਾਲੋਂ ਵੱਖਰਾ ਹੋਵੇਗਾ। |
| 408 | ਸੰਤੁਲਿਤ ਭੋਜਨ ਦੀ ਯੋਜਨਾ ਬਣਾਉਂਦੇ ਸਮੇਂ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?<br>ਉੱਤਰ : ਪਰਿਵਾਰ ਦੇ ਮੈਂਬਰਾਂ ਦੀ ਸਿਹਤ, ਉਨ੍ਹਾਂ ਦੇ ਖਾਣ ਵਾਲੇ ਭੋਜਨ ਤੇ ਨਿਰਭਰ ਕਰਦੀ ਹੈ। ਇੱਕ ਸਿਆਣੀ ਗ੍ਰਹਿਣੀ ਨੂੰ ਆਪਦੇ ਪਰਿਵਾਰ ਦੇ ਮੈਂਬਰਾਂ ਨੂੰ ਸੰਤੁਲਿਤ ਭੋਜਨ ਪ੍ਰਦਾਨ ਕਰਨ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:<br>1. ਪਰਿਵਾਰ ਦੇ ਹਰ ਮੈਂਬਰ ਦੇ ਹਰ ਰੋਜ਼ ਦੇ ਖੁਰਾਕੀ ਤੱਤਾਂ ਦਾ ਧਿਆਨ ਹੋਣਾ ਚਾਹੀਦਾ ਹੈ।<br>2. ਜ਼ਰੂਰੀ ਪੌਸ਼ਟਿਕ ਤੱਤ ਦੇਣ ਵਾਲੇ ਭੋਜਨ ਦੀ ਜਾਣਕਾਰੀ ਤੇ ਚੋਣ।<br>3. ਭੋਜਨ ਦੀ ਯੋਜਨਾਬੰਦੀ।<br>4. ਭੋਜਨ ਪਕਾਉਣ ਦਾ ਸਹੀ ਢੰਗ।<br>5. ਭੋਜਨ ਪਰੋਸਣ ਦੇ ਢੰਗ ਦਾ ਗਿਆਨ ਹੋਣਾ ਚਾਹੀਦਾ ਹੈ। |
| 409 | ਭੋਜਨ ਦੇ ਪੌਸ਼ਟਿਕ ਤੱਤ ਨਸ਼ਟ ਹੋਣ ਤੋਂ ਬਚਾਉਣ ਲਈ ਖਾਣਾ ਤਿਆਰ ਕਰਨ (ਪਕਾਉਂਦੇ) ਸਮੇਂ ਕਿੰਨਾਂ-ਕਿੰਨਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?<br>ਉੱਤਰ :<br>1. ਭੋਜਨ ਨੂੰ ਜ਼ਿਆਦਾ ਦੇਰ ਭਿਉਂ ਕੇ ਨਹੀਂ ਰੱਖਣਾ ਚਾਹੀਦਾ।<br>2. ਸਬਜੀਆਂ ਤੇ ਫਲਾਂ ਤੇ ਜ਼ਿਆਦਾ ਛਿਲਕੇ ਨਹੀਂ ਉਤਾਰਨੇ ਚਾਹੀਦੇ।<br>3. ਸਬਜੀਆਂ ਨੂੰ ਬਣਾਉਣ ਤੋਂ ਥੋੜ੍ਹੀ ਦੇਰ ਪਹਿਲਾਂ ਹੀ ਕੱਟਣਾ ਚਾਹੀਦਾ ਹੈ।<br>4. ਸਬਜੀਆਂ ਤੇ ਫਲ ਹਮੇਸ਼ਾਂ ਵੱਡੇ-ਵੱਡੇ ਟੁਕੜਿਆਂ ਵਿੱਚ ਕੱਟਣੇ ਚਾਹੀਦੇ ਹਨ।<br>5. ਸਬਜ਼ੀਆਂ ਨੂੰ ਉਬਾਲਦੇ ਸਮੇਂ ਪਾਣੀ ਵਿੱਚ ਪਾ ਕੇ ਘੱਟ ਤੋਂ ਘੱਟ ਸਮੇਂ ਲਈ ਪਕਾਇਆ ਜਾਵੇ।<br>6. ਭੋਜਨ ਪਕਾਉਣ ਲਈ ਮਿੱਠੇ ਸੋਡੇ ਦੀ ਵਰਤੋਂ ਨਹੀਂ ਕਰਨੀ ਚਾਹੀਦੀ। |

| | |
|---|---|
| | 7. ਮੀਟ, ਆਂਡੇ ਤੇ ਹੋਰ ਪ੍ਰੋਟੀਨ ਯੁਕਤ ਪਦਾਰਥਾਂ ਨੂੰ ਘੱਟ ਸੇਕ ਉੱਤੇ ਪਕਾਉਣਾ ਚਾਹੀਦ ਹੈ। |
| 410 | ਭੋਜਨ ਪਦਾਰਥਾਂ ਦੇ ਵੱਖ ਵੱਖ ਪੋਸ਼ਟਿਕ ਤੱਤਾਂ ਦੀ ਜਾਣਕਾਰੀ, ਸੰਤੁਲਿਤ ਭੋਜਨ ਦੀ ਯੋਜਨਾ ਬਣਾਉਣ ਵਿੱਚ ਕਿਵੇਂ ਸਹਾਇਕ ਹੈ?<br>ਉੱਤਰ : ਸੰਤੁਲਿਤ ਭੋਜਨ ਅਜਿਹਾ ਭੋਜਨ ਹੈ ਜਿਸ ਵਿੱਚ ਸਰੀਰ ਲਈ ਜ਼ਰੂਰੀ ਪੋਸ਼ਟਿਕ ਤੱਤ, ਕੈਲੋਰੀਆਂ ਆਦਿ ਲੋੜ ਅਨੁਸਾਰ ਹੋਣ। ਇਹ ਤਾਂ ਹੀ ਹੋ ਸਕਦਾ ਹੈ ਜੇ ਗ੍ਰਹਿਣੀ ਨੂੰ ਭੋਜਨ ਪਦਾਰਥਾਂ ਦੇ ਵੱਖ-ਵੱਖ ਸਮੂਹਾਂ ਵਿੱਚ ਪੋਸ਼ਟਿਕ ਤੱਤਾਂ ਦੀ ਜਾਣਕਾਰੀ ਹੋਵੇ। ਇਹ ਜ਼ਰੂਰੀ ਨਹੀਂ ਕਿ ਮਹਿੰਗੇ ਭੋਜਨ ਪਦਾਰਥਾਂ ਵਿੱਚ ਹੀ ਵਧੇਰੇ ਖੁਰਾਕੀ ਤੱਤ ਹੋਣ ਜਿਵੇਂ ਪ੍ਰੋਟੀਨ ਦਾ ਬਹੁਤ ਸਸਤਾ ਸੋਮਾ ਸੋਇਆਬੀਨ ਹੈ। ਮੂੰਗਫਲੀ ਨੂੰ ਗਰੀਬਾਂ ਦੇ ਬਦਾਮ ਕਿਹਾ ਜਾਂਦਾ ਹੈ। ਬੇਰ ਬਹੁਤ ਹੀ ਵਧੀਆ ਤੇ ਸਸਤੇ ਵਿਟਾਮਿਨ ਤੇ ਖਣਿਜਾਂ ਦੇ ਸੋਮੇ ਹਨ। ਜਦੋਂ ਸਬਜ਼ੀਆਂ ਫਲਾਂ ਦਾ ਮੌਸਮ ਹੁੰਦਾ ਹੈ ਤਾਂ ਇਹ ਸਸਤੇ ਹੁੰਦੇ ਹਨ। ਚੰਗੀ ਗ੍ਰਹਿਣੀ ਆਪਣੇ ਸੀਮਿਤ ਸੋਮਿਆਂ ਨਾਲ ਚੰਗਾ ਸੰਤੁਲਿਤ ਭੋਜਨ ਤਾਂ ਹੀ ਬਣਾ ਸਕਦੀ ਹੈ ਜੇ ਉਸ ਨੂੰ ਸਾਰੇ ਭੋਜਨ ਸਮੂਹਾਂ ਵਿਚੋਂ ਪ੍ਰਾਪਤ ਹੋਣ ਵਾਲੇ ਪੋਸ਼ਟਿਕ ਤੱਤਾਂ ਦਾ ਗਿਆਨ ਹੋਵੇ ਤੇ ਕਿਹੜੇ ਸੋਮੇ ਸਸਤੇ ਹਨ, ਬਾਰੇ ਵੀ ਪਤਾ ਹੋਵੇ। |
| 411 | ਭੋਜਨ ਪਰੋਸਦੇ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?<br>ਉੱਤਰ :<br>1. ਖਾਣਾ-ਖਾਣ ਵਾਲੀ ਥਾਂ ਸਾਫ-ਸੁਥਰੀ ਤੇ ਹਵਾਦਾਰ ਹੋਣੀ ਚਾਹੀਦੀ ਹੈ।<br>2. ਖਾਣਾ ਹਮੇਸ਼ਾਂ ਠੀਕ ਤਰ੍ਹਾਂ ਦੇ ਬਰਤਨਾਂ ਵਿੱਚ ਪਰੋਸਣਾ ਚਾਹੀਦਾ ਹੈ; ਜਿਵੇਂ ਤਰੀ ਵਾਲੀ ਸਬਜ਼ੀ ਵਾਸਤੇ ਡੂੰਘੀ ਪਲੇਟ ਅਤੇ ਸੁੱਕੀ ਸਬਜ਼ੀ ਲਈ ਚਪਟੀ ਪਲੇਟ ਵਰਤੀ ਜਾ ਸਕਦੀ ਹੈ।<br>3. ਇੱਕੋ ਵਾਰ ਹੀ ਬਹੁਤ ਜ਼ਿਆਦਾ ਭੋਜਨ ਨਹੀਂ ਪਰੋਸਣਾ ਚਾਹੀਦਾ, ਸਗੋਂ ਪਹਿਲਾਂ ਥੋੜ੍ਹਾ ਤੇ ਲੋੜ ਪੈਣ ਤੇ ਹੋਰ ਲਿਆ ਜਾ ਸਕਦਾ ਹੈ।<br>4. ਸਲਾਦ ਅਤੇ ਫਲ ਵੀ ਭੋਜਨ ਨਾਲ ਜ਼ਰੂਰ ਪਰੋਸਣਾ ਚਾਹੀਦੇ ਹਨ।<br>5. ਭੋਜਨ ਵਿੱਚ ਰੰਗ ਅਤੇ ਭਿੰਨਤਾ ਹੋਣੀ ਚਾਹੀਦੀ ਹੈ। ਇਸ ਲਈ ਧਨੀਏ ਦੇ ਹਰੇ ਪੱਤੇ, ਨਿੱਬੂ ਤੇ ਟਮਾਟਰ ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ। |

| | |
|---|---|
| 412 | ਭੋਜਨ ਖਰੀਦਦੇ ਸਮੇਂ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖੋਗੇ?<br>ਉੱਤਰ : ਭੋਜਨ ਖਰੀਦਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:<br>1. ਸੁੱਕੇ ਭੋਜਨ ਪਦਾਰਥ, ਜਿਵੇਂ ਅਨਾਜ, ਦਾਲਾਂ ਜ਼ਿਆਦਾ ਮਾਤਰਾ ਵਿੱਚ ਖਰੀਦਣੇ ਚਾਹੀਦੇ ਹਨ ਪਰ ਇਹ ਵੀ ਉਨੀ ਹੀ ਮਾਤਰਾ ਵਿੱਚ ਖਰੀਦਣੇ ਚਾਹੀਦੇ ਹਨ ਕਿ ਇਹ ਅਸਾਨੀ ਨਾਲ ਸੰਭਾਲੇ ਜਾ ਸਕਣ ਅਤੇ ਖਰਾਬ ਨਾ ਹੋਣ।<br>2. ਫਲ ਅਤੇ ਸਬਜੀਆਂ ਤਾਜ਼ੀਆਂ ਖਰੀਦਣੀਆਂ ਚਾਹੀਦੀਆਂ ਹਨ ਕਿਉਂਕਿ ਫਲ ਅਤੇ ਸਬਜ਼ੀਆਂ ਦੇ ਵਿਟਾਮਿਨ ਤੇ ਖਣਿਜ ਨਸ਼ਟ ਹੋ ਜਾਂਦੇ ਹਨ।<br>3. ਹਮੇਸ਼ਾ ਸਾਫ ਸੁਥਰੀਆਂ ਦੁਕਾਨਾਂ ਤੋਂ ਹੀ ਭੋਜਨ ਖਰੀਦਣਾ ਚਾਹੀਦਾ ਹੈ। |
| 413 | ਕਿੰਨਾ-ਕਿੰਨਾਂ ਕਾਰਨਾਂ ਕਰਕੇ ਬਹੁ-ਗਿਣਤੀ ਲੋਕਾਂ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ ਹੈ?<br>ਇਸਦੇ ਹੇਠ ਲਿਖੇ ਕਾਰਨ ਹਨ:<br>ਉੱਤਰ :<br>1. ਗਰੀਬੀ: ਗਰੀਬ ਲੋਕ ਆਪਣੀ ਆਮਦਨ ਘੱਟ ਹੋਣ ਕਰਕ ਉਪਯੁਕਤ ਮਾਤਰਾ ਵਿੱਚ ਲੋੜੀਦੇ, ਪੌਸ਼ਟਿਕ ਤੱਤਾਂ ਵਾਲਾ ਭੋਜਨ ਨਹੀਂ ਖਰੀਦ ਸਕਦੇ ਜਿਵੇਂ ਸਬਜ਼ੀਆਂ, ਫਲ, ਦੁੱਧ ਆਦਿ।<br>2. ਸਿੱਖਿਆ ਦੀ ਘਾਟ: ਕਈ ਵਾਰ ਸਿੱਖਿਆ ਦੀ ਕਮੀ ਕਰਕੇ ਚੰਗੀ ਆਮਦਨ ਵਾਲੇ ਵੀ ਲੋੜੀਂਦੀ ਮਾਤਰਾ ਵਿੱਚ ਪੌਸ਼ਟਿਕ ਭੋਜਨ ਨਹੀਂ ਲੈਂਦੇ। ਅੱਜ-ਕੱਲ੍ਹ ਕਈ ਅਮੀਰ ਲੋਕ ਵੀ ਜੰਕ ਫੂਡ ਜਾਂ ਫਾਸਟ ਫੂਡ ਦੀ ਜ਼ਿਆਦਾ ਵਰਤੋਂ ਕਰਦੇ ਹਨ ਜੋ ਕਿ ਕਿਸੇ ਤਰ੍ਹਾਂ ਵੀ ਸੰਤੁਲਿਤ ਭੋਜਨ ਨਹੀਂ ਹੁੰਦਾ।<br>3. ਕੁਆਲਟੀ ਭੋਜਨ ਦੀ ਘਾਟ: ਅੱਜ-ਕੱਲ੍ਹ ਸਬਜ਼ੀਆਂ ਵਿੱਚ ਕੀਟ ਨਾਸ਼ਕਾਂ ਦੀ ਮਾਤਰਾ ਕਾਫ਼ੀ ਜ਼ਿਆਦਾ ਹੁੰਦੀ ਹੈ। ਸ਼ਹਿਰੀ ਲੋਕਾਂ ਨੂੰ ਦੁੱਧ ਵੀ ਠੀਕ ਕੁਆਲਟੀ ਦਾ ਨਹੀਂ ਮਿਲਦਾ। ਇਸ ਤਰ੍ਹਾਂ ਵੀ ਲੋਕ ਸੰਤੁਲਿਤ ਭੋਜਨ ਤੋਂ ਵਾਂਝੇ ਰਹਿ ਜਾਂਦੇ ਹਨ। |
| 414 | ਭੋਜਨ ਵਿੱਚ ਵੰਨਗੀ ਕਿਵੇਂ ਲਿਆਂਦੀ ਜਾ ਸਕਦੀ ਹੈ?<br>ਉੱਤਰ : ਇੱਕੋ ਤਰ੍ਹਾਂ ਦੇ ਭੋਜਨ ਖਾ-ਖਾ ਕੇ ਮਨ ਭਰ ਜਾਂਦਾ ਹੈ ਸੋ ਖਾਣੇ ਵਿਚ ਰੁਚੀ ਬਣਾਈ ਰੱਖਣ ਲਈ ਵੰਨਗੀ ਲਿਆਉਣੀ ਜ਼ਰੂਰੀ ਹੈ। ਇਹ ਭੋਜਨ ਵਿੱਚ ਕਈ ਢੰਗਾਂ ਨਾਲ ਪੈਦਾ ਕੀਤੀ ਜਾ ਸਕਦੀ ਹੈ। |

| | |
|---|---|
| | 1. ਨਾਸ਼ਤੇ ਵਿੱਚ ਅਕਸਰ ਪਰੌਠੇ ਬਣਦੇ ਹਨ ਪਰ ਹਰ ਰੋਜ਼ ਵੱਖਰੀ ਤਰ੍ਹਾਂ ਦਾ ਪਰੌਠੇ ਬਣਾ ਕੇ ਭੋਜਨ ਵਿੱਚ ਵੰਨਗੀ ਲਿਆਂਦੀ ਜਾ ਸਕਦੀ ਹੈ; ਜਿਵੇਂ-ਮੂਲੀ ਦਾ ਪਰੌਠਾ, ਮੇਥੀ ਵਾਲਾ, ਗੋਭੀ ਵਾਲਾ, ਮਿੱਸਾ ਆਦਿ।<br>2. ਸਾਰੇ ਭੋਜਨ ਪਦਾਰਥ ਇਕੋ ਰੰਗ ਦੇ ਨਹੀਂ ਹੋਣੇ ਚਾਹੀਦੇ ਹਰੇਕ ਸਬਜ਼ੀ, ਦਾਲ ਜਾਂ ਸਲਾਦ ਦਾ ਰੰਗ ਵੱਖੋ-ਵੱਖਰਾ ਹੋਣਾ ਚਾਹੀਦਾ ਹੈ। ਇਸ ਨਾਲ ਭੋਜਨ ਵੇਖਣ ਨੂੰ ਵੀ ਚੰਗਾ ਲੱਗਦਾ ਹੈ ਅਤੇ ਵੱਧ ਪੌਸ਼ਟਿਕ ਵੀ ਹੁੰਦਾ ਹੈ।<br>3. ਭੋਜਨ ਪਕਾਉਣ ਦੀ ਵਿਧੀ ਨਾਲ ਵੀ ਖਾਣੇ ਵਿੱਚ ਵੰਨਗੀ ਆ ਸਕਦੀ ਹੈ: ਜਿਵੇਂ-ਤਵੇ ਦੀ ਰੋਟੀ, ਤੰਦੂਰ ਦੀ ਰੋਟੀ, ਪੂਰੀਆਂ ਆਦਿ ਬਣਾ ਕੇ ਭੋਜਨ ਵਿੱਚ ਵੰਨਗੀ ਲਿਆਂਦੀ ਜਾ ਸਕਦੀ ਹੈ। |
| 415 | ਭੋਜਨ ਨੂੰ ਕਿਹੜੇ ਭੋਜਨ ਸਮੂਹਾਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ : ਹਰ ਵਿਅਕਤੀ ਦੀ ਸਰੀਰ ਤੰਦਰੁਸਤੀ ਲਈ ਸੰਤੁਲਤੀ ਭੋਜਨ ਦਾ ਪ੍ਰਾਪਤ ਹੋਣਾ ਜ਼ਰੂਰੀ ਹੈ। ਜਿਸ ਵਿੱਚ ਪ੍ਰੋਟੀਨ, ਕਾਰਬੋਜ਼, ਵਿਟਾਮਿਨ ਅਤੇ ਖਣਿਜ ਲੂਣ ਪੂਰੀ ਮਾਤਰਾ ਵਿੱਚ ਹੋਣ। ਪਰ ਇਹ ਸਾਰੀਆਂ ਚੀਜ਼ਾਂ ਇੱਕ ਤਰ੍ਹਾਂ ਦੇ ਭੋਜਨ ਤੋਂ ਪ੍ਰਾਪਤ ਨਹੀਂ ਹੋ ਸਕਦੀਆਂ। ਇਸ ਲਈ ਭੋਜਨ ਨੂੰ ਇਹਨਾਂ ਦੇ ਖੁਰਾਕੀ ਤੱਤਾਂ ਦੇ ਆਧਾਰ ਤੇ ਹੇਠ ਲਿਖੇ ਸਮੂਹਾਂ ਵਿੱਚ ਵੰਡਿਆ ਜਾ ਸਕਦਾ ਹੈ।<br>1. ਅਨਾਜ 2. ਦਾਲਾਂ 3.ਸੁੱਕੇ ਮੇਵੇ 4. ਸਬਜ਼ੀਆਂ 5. ਫਲ 6. ਦੁੱਧ ਤੇ ਦੁੱਧ ਤੋਂ ਬਣੇ ਪਦਾਰਥ 7. ਮੱਖਣ, ਘਿਉ, ਤੇਲ 8. ਮੀਟ,ਮੱਛੀ, ਅੰਡੇ, ਸ਼ੱਕਰ, ਗੁੜ 10. ਮਸਾਲੇ, ਚੱਟਣੀਆਂ ਆਦਿ। |
| 416 | ਆਹਾਰ ਨਿਯੋਜਨ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਪਰਿਵਾਰ ਦੇ ਮੈਂਬਰਾਂ ਦੀ ਜ਼ਰੂਰਤ ਅਤੇ ਨਿਸ਼ਚਿਤ ਸਮੇਂ ਅਨੁਸਾਰ ਚੰਗੇ ਪੋਸ਼ਣ ਲਈ ਖਾਧ ਪਦਾਰਥਾਂ ਨੂੰ ਸਵੇਰ, ਦੁਪਹਿਰ ਅਤੇ ਰਾਤ ਦੇ ਖਾਣੇ ਅਨੁਸਾਰ ਨਿਯੋਜਨ ਕਰਨ ਨੂੰ ਆਹਾਰ ਨਿਯੋਜਨ ਕਹਿੰਦੇ ਹਨ। ਨੌਕਰੀ ਤੇ ਜਾਂ ਕੰਮ ਤੇ ਜਾਣ ਵਾਲਿਆਂ ਲਈ ਖਾਣੇ ਦੀ ਵਿਉਂਤ ਪਰਿਵਾਰ ਦੇ ਵੱਖ ਵੱਖ ਮੈਂਬਰਾਂ ਦੀ ਜ਼ਰੂਰਤ ਅਨੁਸਾਰ ਵੀ ਬਣਾਈ ਜਾਂਦੀ ਹੈ ਜਿਵੇਂ ਬੱਚਿਆਂ ਜਾਂ ਰੋਗੀਆਂ ਲਈ ਥੋੜ੍ਹੀ ਥੋੜ੍ਹੀ ਦੇਰ ਬਾਅਦ ਭੋਜਨ, ਬਜ਼ੁਰਗ ਲਈ ਨਰਮ ਭੋਜਨ ਅਤੇ ਗਰਭਵਤੀ ਔਰਤਾਂ ਲਈ ਪੌਸ਼ਟਿਕ ਅਤੇ ਉਹਨਾਂ ਦੀ ਇੱਛਾ ਅਨੁਸਾਰ ਖਾਧ ਪਦਾਰਥਾਂ ਦਾ ਆਯੋਜਨ ਕੀਤਾ |

| | |
|---|---|
| | ਜਾਂਦਾ ਹੈ। |
| | ਪਾਠ-8 (ਬਾਲ ਵਿਕਾਸ ਅਤੇ ਪਰਿਵਾਰਿਕ ਸਬੰਧ) |
| 417 | ਪਰਿਵਾਰ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਪਰਿਵਾਰ ਦੀਆਂ ਕਿੰਨੀਆਂ ਕਿਸਮਾਂ ਹਨ?<br>ਉੱਤਰ : ਪਰਿਵਾਰ ਹਰ ਸਮਾਜ ਦੀ ਮੂਲ ਇਕਾਈ ਹੈ ਅਤੇ ਸਮਾਜ ਦੀ ਬਣਤਰ ਦਾ ਆਧਾਰ ਹੈ। ਪਰਿਵਾਰ ਉਹਨਾਂ ਲੋਕਾਂ ਦਾ ਸਮੂਹ ਹੈ ਜਿਨ੍ਹਾਂ ਦਾ ਆਪਸ ਵਿੱਚ ਖ਼ੂਨ ਦਾ ਕਾਨੂੰਨ ਦਾ ਰਿਸ਼ਤਾ ਹੋਵੇ, ਜਿਹੜੇ ਇੱਕੋ ਘਰ ਵਿੱਚ ਰਹਿੰਦੇ ਹਨ ਹੋਣ ਸਾਂਝਾ ਸਰਮਾਇਆ ਵਰਤਦੇ ਹੋਣ ਇੱਕ ਦੂਜੇ ਨਾਲ ਭਾਵਨਾਤਮਿਕ ਸਾਂਝ ਹੋਵੇ ਤੇ ਸਾਂਝੀਆਂ ਖੁਸ਼ੀਆਂ ਗਰਮੀਆਂ ਹੋਣ ਤੇ ਲੋੜ ਪੈਣ ਤੇ ਇੱਕ ਦੂਜੇ ਦੀ ਸਹਾਇਤਾ ਕਰਨ। ਪਰਿਵਾਰ ਦੋ ਤਰ੍ਹਾਂ ਦੇ ਹੁੰਦੇ ਹਨ:<br>1. ਸੰਯੁਕਤ ਪਰਿਵਾਰ<br>2. ਇਕਾਈ ਪਰਿਵਾਰ |
| 418 | ਸੰਯੁਕਤ ਪਰਿਵਾਰ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਸੰਯੁਕਤ ਪਰਿਵਾਰ ਇੱਕ ਵੱਡਾ ਪਰਿਵਾਰ ਹੁੰਦਾ ਹੈ ਜਿਸ ਵਿਚ ਮਾਂ-ਪਿਉ, ਉਹਨਾਂ ਦੇ ਬੱਚੇ ਤੇ ਪੋਤੇ-ਪੋਤੀਆਂ ਇੱਕਠੇ ਰਹਿੰਦੇ ਹਨ। ਇਸ ਪਰਿਵਾਰ ਵਿਚ ਸਾਰਿਆਂ ਦੀ ਸਾਂਝੀ ਕਮਾਈ ਹੁੰਦੀ ਹੈ ਅਤੇ ਘਰ ਦੇ ਸਾਰੇ ਮੈਂਬਰ ਉਸੇ ਕਮਾਈ ਵਿਚੋਂ ਆਪਣੀਆਂ ਲੋੜਾਂ ਦੀ ਪੂਰਤੀ ਕਰਦੇ ਹਨ। ਇਹ ਪਰਿਵਾਰ ਇੱਕ ਛੱਤ ਥੱਲੇ ਰਹਿੰਦੇ ਹੈ। ਦੁੱਖ-ਸੁੱਖ ਵਿੱਚ ਸਾਰੇ ਪਰਿਵਾਰ ਦੇ ਮੈਂਬਰ ਇੱਕਠੇ ਰਹਿੰਦੇ ਹਨ। ਪਰ ਅੱਜ-ਕਲ੍ਹ ਇਸ ਤਰ੍ਹਾਂ ਦੇ ਪਰਿਵਾਰ ਘੱਟਦੇ ਜਾ ਰਹੇ ਹਨ। ਮਨੁੱਖ ਆਪਣੇ ਆਪ ਵਿੱਚ ਮਗਨ ਰਹਿਣ ਲੱਗ ਪਿਆ ਹੈ। |
| 419 | ਇਕਾਈ ਪਰਿਵਾਰ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਇਕਾਈ ਪਰਿਵਾਰ ਇੱਕ ਛੋਟਾ ਪਰਿਵਾਰ ਹੁੰਦਾ ਹੈ। ਇਹ ਇੱਕ ਸੁਤੰਤਰ ਇਕਾਈ ਹੈ। ਪੱਛਮੀ ਦੇਸ਼ਾਂ ਦੀ ਤਰਜ਼ ਉੱਪਰ ਸਾਡੇ ਦੇਸ਼ ਵਿੱਚ ਵੀ ਇਕਾਈ ਪਰਿਵਾਰਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਇਸ ਪਰਿਵਾਰ ਵਿੱਚ ਮਾਂ-ਬਾਪ ਦੀ ਆਮਦਨ ਇਸ ਘਰ ਵਿੱਚ ਕਮਾਈ ਦਾ ਸੋਮਾ ਹੁੰਦੀ ਹੈ। ਜਿਸ ਨੂੰ ਬੱਚੇ ਤੇ ਮਾਂ-ਬਾਪ ਰਲ ਕੇ ਖਰਚਦੇ ਹਨ। ਇਸ ਤਰ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਵਿੱਚ ਜਿੱਥੇ ਅਜ਼ਾਦੀ ਤੇ ਸਵੈ-ਵਿਸ਼ਵਾਸ ਦੀ ਭਾਵਨਾ ਵੱਧਦੀ ਹੈ। ਉੱਥੇ ਸੁਆਰਥ ਦੀ ਭਾਵਨਾ ਵੀ ਇਸ ਤਰ੍ਹਾਂ ਦੇ ਪਰਿਵਾਰ ਨੂੰ ਸਾਕ ਸਬੰਧੀਆਂ ਤੋਂ ਦੂਰ ਕਰਦੀ ਹੈ। |
| 420 | ਸੰਯੁਕਤ ਪਰਿਵਾਰ ਹੋਣ ਦੇ ਕੀ ਲਾਭ ਹਨ? |

| | |
|---|---|
| | ਉੱਤਰ :<br>1. ਸੰਯੁਕਤ ਪਰਿਵਾਰ ਵਿੱਚ ਮਾਂ-ਬਾਪ ਤੇ ਬੱਚਿਆਂ ਤੋਂ ਇਲਾਵਾ ਹੋਰ ਰਿਸ਼ਤੇਦਾਰ ਵੀ ਰਹਿੰਦੇ ਹਨ।<br>2. ਇਸ ਵਿਚ ਸਾਂਝੀ ਕਮਾਈ ਹੁੰਦੀ ਹੈ ਜੋ ਜ਼ਰੂਰਤ ਵੇਲੇ ਵਰਤੀ ਜਾ ਸਕਦੀ ਹੈ। ਇੱਕਠੇ ਰਹਿਣ ਨਾਲ ਖਰਚ ਵੀ ਘੱਟ ਹੁੰਦਾ ਹੈ।<br>3. ਇਸ ਵਿਚ ਸਾਰੇ ਕੰਮ ਵੰਡੇ ਹੁੰਦੇ ਹਨ ਅਤੇ ਕੰਮ-ਕਾਜ ਦਾ ਸਾਰਾ ਬੋਝ ਇੱਕ ਮਨੁੱਖ ਤੇ ਨਹੀਂ ਪੈਂਦਾ।<br>4. ਬਜ਼ੁਰਗ, ਵਿਧਵਾ, ਅੰਗਹੀਨ ਜਾਂ ਇਸ ਤਰ੍ਹਾਂ ਦੇ ਹੋਰ ਮੈਂਬਰਾਂ ਨੂੰ ਸੰਯੁਕਤ ਪਰਿਵਾਰ ਵਿਚ ਸਹਾਰਾ ਮਿਲਦਾ ਹੈ।<br>5. ਕੰਮ ਦੀ ਠੀਕ ਵੰਡ ਕਰਕੇ ਸਾਰੇ ਵਿਅਕਤੀਆਂ ਨੂੰ ਕੁੱਝ ਵਿਹਲਾ ਸਮਾਂ ਮਿਲ ਜਾਂਦਾ ਹੈ।<br>6. ਇਸ ਤਰ੍ਹਾਂ ਦੇ ਪਰਿਵਾਰ ਵਿੱਚ ਬੱਚੇ ਵੱਡਿਆਂ ਦੇ ਤਜ਼ਰਬੇ ਤੋਂ ਬਹੁਤ ਕੁਝ ਸਿੱਖਦੇ ਹਨ।<br>7. ਜ਼ਮੀਨ ਜਾਂ ਹੋਰ ਜ਼ਾਇਦਾਦ ਦੀ ਵੰਡ ਨਹੀਂ ਹੁੰਦੀ ਇਸ ਕਰਕੇ ਉਤਪੱਤੀ ਵੀ ਜ਼ਿਆਦਾ ਹੁੰਦੀ ਹੈ। |
| 421 | ਸੰਯੁਕਤ ਪਰਿਵਾਰ ਹੋਣ ਦੇ ਕੀ ਨੁਕਸਾਨ ਹਨ?<br>ਉੱਤਰ :<br>1. ਸੰਯੁਕਤ ਪਰਿਵਾਰ ਵਿਚ ਆਰਥਿਕ ਸੁਰੱਖਿਆ ਕਰਕੇ ਪਰਿਵਾਰ ਦੇ ਕਈ ਮੈਂਬਰ ਨਿਕੰਮੇ ਤੇ ਆਲਸੀ ਬਣ ਜਾਂਦੇ ਹਨ।<br>2. ਕਈ ਵਾਰ ਲਾਇਕ ਬੱਚਿਆਂ ਦੀ ਸ਼ਖ਼ਸ਼ੀਅਤ ਦਾ ਵਿਕਾਸ ਨਹੀਂ ਹੁੰਦਾ ਕਿਉਂਕਿ ਪਰਿਵਾਰ ਵਿੱਚ ਸਾਰਿਆਂ ਨੂੰ ਬਰਾਬਰ ਸਮਝਿਆ ਜਾਂਦਾ ਹੈ।<br>3. ਸੰਯੁਕਤ ਪਰਿਵਾਰਾਂ ਵਿੱਚ ਔਰਤਾਂ ਨੂੰ ਬਹੁਤ ਘੱਟ ਆਜ਼ਾਦੀ ਹੁੰਦੀ ਹੈ।<br>4. ਪਰਿਵਾਰ ਦੇ ਕਈ ਮੈਂਬਰਾਂ ਨੂੰ ਆਪਣੇ ਪੈਰ ਉੱਪਰ ਆਪ ਖੜ੍ਹਨ ਦਾ ਮੌਕਾ ਨਹੀਂ ਮਿਲਦਾ।<br>5. ਸੰਯੁਕਤ ਪਰਿਵਾਰ ਵਿੱਚ ਆਰਥਿਕ ਆਜ਼ਾਦੀ ਘੱਟ ਹੁੰਦੀ ਹੈ। |
| 422 | ਇਕਾਈ ਪਰਿਵਾਰ ਜਾਂ ਛੋਟਾ ਪਰਿਵਾਰ ਹੋਣ ਦੇ ਕੀ ਲਾਭ ਹਨ?<br>ਉੱਤਰ : |

1. ਇਕਾਈ ਪਰਿਵਾਰ ਵਿਚ ਪਤੀ-ਪਤਨੀ ਅਤੇ ਉਹਨਾਂ ਦੇ ਬੱਚੇ ਰਹਿੰਦੇ ਹਨ।
2. ਇਸ ਪਰਿਵਾਰ ਵਿਚ ਘਰ ਦੇ ਸਾਰੇ ਕੰਮ ਦਾ ਬੋਝ ਇਸਤਰੀ ਤੇ ਹੁੰਦਾ ਹੈ ਤੇ ਬਾਹਰ ਦੇ ਕੰਮਾਂ ਦਾ ਬੋਝ ਪੁਰਸ਼ ਤੇ ਕੰਮ ਵੰਡਾਇਆ ਨਹੀਂ ਜਾ ਸਕਦਾ।
3. ਇਸ ਪਰਿਵਾਰ ਵਿੱਚ ਮੈਂਬਰ ਇੱਕ ਦੂਜੇ ਦੇ ਵਧੇਰੇ ਨਜ਼ਦੀਕ ਹੁੰਦੇ ਹਨ।
4. ਆਰਥਿਕ ਤੌਰ ਤੇ ਸੁਤੰਤਰਤਾ ਹੁੰਦੀ ਹੈ ਤੇ ਪਤੀ-ਪਤਨੀ ਆਪਣੀ ਮਰਜ਼ੀ ਅਨੁਸਾਰ ਖਰਚ ਕਰ ਸਕਦੇ ਹਨ।
5. ਹੋਣਹਾਰ ਬੱਚੇ ਦੇ ਵਿਅਕਤੀਤਵ ਨੂੰ ਉਭਾਰਿਆ ਜਾ ਸਕਦਾ ਹੈ ਤੇ ਲੋੜ ਅਨੁਸਾਰ ਪੜ੍ਹਾਈ ਕਰਵਾਈ ਜਾ ਸਕਦੀ ਹੈ।

423 ਬੱਚਿਆਂ ਵਿੱਚ ਫਾਸਲਾ ਕਰਨ ਦਾ ਕੀ ਮਹੱਤਵ ਹੈ?

ਉੱਤਰ : ਛੋਟੇ ਪਰਿਵਾਰ ਦੇ ਹੋਣ ਦੇ ਨਾਲ-ਨਾਲ ਬੱਚਿਆਂ ਵਿੱਚ ਵਧੇਰੇ ਫਾਸਲਾ ਹੋਣਾ ਵੀ ਜ਼ਰੂਰੀ ਹੈ। ਕਿਉਂਕਿ ਗਰਭ ਸਮੇਂ ਮਾਂ ਨੂੰ ਚੰਗੇ ਭੋਜਨ ਦੀ ਜ਼ਰੂਰਤ ਹੁੰਦੀ ਹੈ। ਜੇਕਰ ਭੋਜਨ ਵਿੱਚ ਕੈਲਸ਼ੀਅਮ, ਲੋਹਾ, ਪ੍ਰੋਟੀਨ, ਵਿਟਾਮਿਨ ਆਦਿ ਦੀ ਉੱਚਿਤ ਮਾਤਰਾ ਨਾ ਹੋਵੇ ਤਾਂ ਮਾਂ ਦੀ ਸਿਹਤ ਕਮਜ਼ੋਰ ਪੈ ਜਾਂਦੀ ਹੈ। ਇਸ ਦਾ ਅਸਰ ਬੱਚੇ ਦੀ ਸਿਹਤ ਉੱਪਰ ਵੀ ਪੈਂਦਾ ਹੈ। ਜੇਕਰ ਦੂਸਰਾ ਬੱਚਾ ਵੀ ਛੇਤੀ ਹੀ ਆ ਜਾਵੇ ਤਾਂ ਉਸ ਨਾਲ ਮਾਂ ਅਤੇ ਬੱਚੇ ਦੋਹਾਂ ਦੀ ਸਿਹਤ ਉੱਭਰ ਹੋਰ ਵੀ ਬੁਰਾ ਅਸਰ ਪਵੇਗਾ। ਇਸ ਤੋਂ ਇਲਾਵਾ ਫਾਸਲਾ ਘੱਟ ਹੋਣ ਦੀ ਸੂਰਤ ਵਿੱਚ ਮਾਂ ਲਈ ਦੋਵਾਂ ਬੱਚਿਆਂ ਨੂੰ ਸੰਭਾਲਣਾ ਹੋਰ ਵੀ ਔਖਾ ਹੁੰਦਾ ਹੈ। ਇਸ ਲਈ ਮਾਂ ਬੱਚੇ ਦੀ ਸਿਹਤ ਦਾ ਖਿਆਲ ਬੱਚਿਆਂ ਦੀ ਸਹੀ ਦੇਖਭਾਲ ਤੇ ਆਰਥਿਕ ਤੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕਹਿਣਾ ਬਿਲਕੁਲ ਠੀਕ ਹੈ ਦੋ ਬੱਚਿਆਂ ਵਿਚਕਾਰ ਘੱਟੋ-ਘੱਟ ਤਿੰਨ ਸਾਲ ਦਾ ਫਾਸਲਾ ਜ਼ਰੂਰ ਚਾਹੀਦਾ ਹੈ।

424 ਸੰਯੁਕਤ ਅਤੇ ਇਕਾਈ ਪਰਿਵਾਰ ਦੀ ਤੁਲਨਾ ਕਰਦੇ ਹੋਏ ਦੋਵਾਂ ਦੇ ਫਾਇਦੇ ਅਤੇ ਨੁਕਸਾਨ ਦੱਸੋ?

ਉੱਤਰ :

| ਸੰਯੁਕਤ ਪਰਿਵਾਰ | ਇਕਾਈ ਪਰਿਵਾਰ |
|---|---|
| 1. ਇਹ ਪਰਿਵਾਰ ਵੱਡਾ ਹੁੰਦਾ ਹੈ। | 1. ਇਹ ਪਰਿਵਾਰ ਛੋਟਾ ਹੁੰਦਾ ਹੈ। |

| | | | |
|---|---|---|---|
| | | 2. ਇਸ ਪਰਿਵਾਰ ਵਿੱਚ ਕਮਾਈ ਸਾਂਝੀ ਹੁੰਦੀ ਹੈ। | 2. ਇਸ ਪਰਿਵਾਰ ਵਿੱਚ ਕਮਾਈ ਸਿਰਫ ਪਿਤਾ ਜਾਂ ਮਾਂ ਦੀ ਹੁੰਦੀ ਹੈ। |
| | | 3. ਇਸ ਪਰਿਵਾਰ ਵਿੱਚ ਇੱਕਠੇ ਰਹਿਣ ਵਿੱਚ ਖਰਚ ਘੱਟ ਹੁੰਦਾ ਹੈ। | 3. ਇਸ ਪਰਿਵਾਰ ਦੇ ਮੁਢਲੇ ਖਰਚੇ ਜ਼ਿਆਦਾ ਹੁੰਦਾ ਹੈ। |
| | | 4. ਇਸ ਪਰਿਵਾਰ ਵਿੱਚ ਕੰਮ ਵੰਡਿਆ ਹੋਣ ਕਰਕੇ ਗ੍ਰਹਿਣੀਆਂ ਨੂੰ ਕੁਝ ਵਿਹਲ ਮਿਲ ਜਾਂਦੀ ਹੈ। | 4. ਇਸ ਪਰਿਵਾਰ ਵਿਚ ਘਰ ਦਾ ਸਾਰਾ ਕੰਮ ਗ੍ਰਹਿਣੀ ਨੂੰ ਕਰਨਾ ਪੈਂਦਾ ਹੈ। |
| | | 5. ਇਸ ਪਰਿਵਾਰ ਦੇ ਬੱਚੇ ਦਾਦਾ-ਦਾਦੀ ਤੋਂ ਬਹੁਤ ਕੁਝ ਸਿੱਖਦੇ ਹਨ। | 5. ਇਸ ਪਰਿਵਾਰ ਦੇ ਬੱਚੇ ਦਾਦਾ-ਦਾਦੀ ਦੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ। |
| | | 6. ਇਸ ਪਰਿਵਾਰ ਵਿੱਚ ਆਰਥਿਕ ਸੁੰਤਤਰਤਾ ਘੱਟ ਹੁੰਦੀ ਹੈ। ਸਾਰੇ ਮੈਂਬਰ ਘਰ ਦੇ ਮੁੱਖੀ ਤੋਂ ਪੈਸੇ ਲੈ ਕੇ ਖਰਚਦੇ ਹਨ। | 6. ਇਸ ਪਰਿਵਾਰ ਵਿਚ ਪਤੀ-ਪਤਨੀ ਆਰਥਿਕ ਤੌਰ ਤੇ ਸੁਤੰਤਰ ਰਹਿੰਦੇ ਹਨ। |
| | ਪਾਠ-9 (ਗਰਭ ਅਵਸਥਾ) | | |
| 425 | ਗਰਭ ਦੇ ਸਮੇਂ ਨੂੰ ਅਸੀਂ ਕਿੰਨੇ ਅਤੇ ਕਿਹੜੇ ਭਾਗਾਂ ਵਿੱਚ ਵੰਡ ਸਕਦੇ ਹਾਂ?<br>ਉੱਤਰ : ਗਰਭ ਧਾਰਨ ਤੋਂ ਲੈ ਕੇ ਜਨਮ ਤੱਕ ਦੀ ਅਵਸਥਾ ਨੂੰ ਗਰਭ ਅਵਸਥਾ ਕਿਹਾ ਜਾਂਦਾ ਹੈ। ਅਸੀਂ ਇਸ ਸਮੇਂ ਨੂੰ ਤਿੰਨ ਭਾਗਾਂ ਵਿੱਚ ਵੰਡ ਸਕਦੇ ਹਾਂ। ਗਰਭ ਦੇ ਸਮੇਂ ਵਿੱਚ ਬੱਚਾ ਇੱਕ ਅੰਡਕੋਸ਼ ਤੋਂ ਪੂਰਨ ਮਨੁੱਖੀ ਜੀਵ ਦੇ ਰੂਪ ਵਿਚ ਵਿਕਸਿਤ ਹੁੰਦਾ ਹੈ।<br>1. ਅੰਡੇ ਦੀ ਅਵਸਥਾ (ਸਮਾਂ-ਗਰਭ ਧਾਰਨ ਤੋਂ ਦੋ ਹਫ਼ਤੇ ਤੱਕ)<br>2. ਐਮਬਰੀਓ ਦੀ ਅਵਸਥਾ (ਸਮਾਂ-ਦੂਸਰੇ ਹਫ਼ਤੇ ਤੋਂ ਸ਼ੁਰੂ ਹੋ ਕੇ ਦੂਸਰੇ ਮਹੀਨੇ ਦੇ ਅੰਤ | | |

| | |
|---|---|
| | ਤੱਕ)<br>3. ਭਰੂਣ ਦੀ ਅਵਸਥਾ (ਸਮਾਂ-ਤੀਸਰੇ ਮਹੀਨੇ ਤੋਂ ਸ਼ੁਰੂ ਹੋ ਕੇ ਬੱਚੇ ਦੇ ਜਨਮ ਤੱਕ) |
| 426 | ਗਰਭ ਅਵਸਥਾ ਦੌਰਾਨ ਬਣੇ ਸਹਾਇਕ ਅੰਗਾਂ ਤੇ ਨੋਟ ਲਿਖੋ?<br>ਉੱਤਰ :<br>1. ਪਲੈਸੈਂਟਾ-ਜਿੱਥੇ ਅੰਡਾ ਬੱਚੇਦਾਨੀ ਦੀ ਕੰਧ ਨਾਲ ਆਪਣੇ ਆਪ ਨੂੰ ਜੋੜ ਲੈਂਦਾ ਹੈ ਉੱਥੇ ਪਲੈਸੈਟਾਂ ਬਣ ਲੱਗ ਜਾਂਦਾ ਹੈ। ਪਲੈਸੈਂਟਾ ਹੀ ਹੋਣ ਵਾਲੇ ਬੱਚੇ ਨੂੰ ਮਾਂ ਦੇ ਸਰੀਰ ਤੋਂ ਖੁਰਾਕ ਪਹੁੰਚਾਉਂਦਾ ਹੈ। ਇਹ ਇੱਕ ਪਾਸਿਉਂ ਬੱਚੇਦਾਨੀ ਅਤੇ ਦੂਸਰੇ ਪਾਸੇ ਨਾੜੂ ਨਾਲ ਜੁੜਿਆ ਹੁੰਦਾ ਹੈ।<br>2. ਨਾੜੂ-ਨਾੜੂ ਇਕ ਪਾਸੇ ਐਮਬਰੀਉ ਦੇ ਪੇਟ ਦੀ ਬਾਹਰਲੀ ਦੀਵਾਰ ਨਾਲ ਅਤੇ ਦੂਜੇ ਪਾਸੇ ਪਲੈਸੈਂਟਾ ਨਾਲ ਜੁੜਿਆ ਹੁੰਦਾ ਹੈ। ਇਹ ਰੱਸੀ ਵਰਗਾ ਹੁੰਦਾ ਹੈ। ਇਸ ਦੀ ਲੰਬਾਈ 10 ਇੰਚ ਤੋਂ 20 ਇੰਚ ਤੱਕ ਹੋ ਜਾਂਦੀ ਹੈ।<br>3. ਐਮਨੀਉਟਿਕ ਸੈਕ-ਤੀਸਰਾ ਅੰਗ ਜਿਹੜਾ ਐਮਬਰੀਓ ਦੇ ਸਮੇਂ ਵੱਧਦਾ ਹੈ, ਐਮਨੀਓਟਿਕ ਸੈਕ ਜਾਂ ਥੈਲੀ ਹੈ। ਇਹ ਥੈਲੀ ਪਲੈਸੈਂਟਾ ਨਾਲ ਜੁੜੀ ਹੁੰਦੀ ਹੈ ਤੇ ਵਿਚ ਇੱਕ ਲੇਸਦਾਰ ਤਰਲ ਪਦਾਰਥ ਹੁੰਦਾ ਹੈ। ਜਿਸ ਵਿੱਚ ਬੱਚਾ ਰਹਿੰਦਾ ਹੈ। ਇਹ ਤਰਲ ਪਦਾਰਥ ਬੱਚੇ ਨੂੰ ਸੱਟ ਲੱਗਣ ਤੋਂ ਬਚਾਉਂਟਾ ਹੈ। |
| 427 | ਅੰਡੇ ਦੀ ਅਵਸਥਾ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਇਹ ਸਮਾਂ ਗਰਭ ਸ਼ੁਰੂ ਹੋਣ ਤੋਂ ਦੋ ਹਫ਼ਤੇ ਤੱਕ ਗਿਣਿਆ ਜਾਂਦਾ ਹੈ। ਇਸ ਸਮੇਂ ਵਿੱਚ ਉਪਜਾਊ ਅੰਡਾ ਜ਼ਿਆਦਾ ਨਹੀਂ ਬਦਲਦਾ ਕਿਉਂਕਿ ਉਸ ਨੂੰ ਖੁਰਾਕ ਪਹੁੰਚਾਉਣ ਦਾ ਬਾਹਰਲਾ ਵਸੀਲਾ ਅਜੇ ਨਹੀਂ ਬਣਿਆ ਹੁੰਦਾ ਅਤੇ ਇਹ ਆਪਣੇ ਅੰਡੇ ਦੀ ਜਰਦੀ ਤੇ ਹੀ ਜਿਉਂਦਾ ਰਹਿੰਦਾ ਹੈ। ਇਸੇ ਸਮੇਂ ਹੀ ਇਹ ਫੈਲੋਪੀਅਨ ਟਿਊਬ ਤੋਂ ਗਰਭ ਸਥਾਨ ਜਾਂ ਬੱਚੇਦਾਨੀ ਵਿਚ ਜਾਂਦਾ ਹੈ। ਇਸ ਵਿੱਚ ਲਗਭਗ ਤਿੰਨ ਦਿਨ ਲੱਗਦੇ ਹਨ। ਨਵਾ ਜੀਵਨ ਸ਼ੁਰੂ ਹੋਣ ਦੇ ਦਸ ਦਿਨਾਂ ਤੋਂ ਚੌਦਾ ਦਿਨਾਂ ਦੇ ਅੰਦਰ ਅੰਡਾ ਆਪਣੇ ਆਪ ਨੂੰ ਗਰਭ ਸਥਾਨ ਦੀ ਦੀਵਾਰ ਨਾਲ ਜੋੜ ਲੈਂਦਾ ਹੈ ਤੇ ਮਾਂ ਦੇ ਆਹਾਰ ਦੇ ਨਿਰਭਰ ਹੋ ਜਾਂਦਾ ਹੈ। |
| 428 | ਐਮਬਰੀਓ (ਭਰੂਣ ਦੀ ਪਹਿਲੀ ਅਵਸਥਾ) ਦੀ ਅਵਸਥਾ ਤੋਂ ਤੁਸੀਂ ਕੀ ਸਮਝਦੇ ਹੋ ਅਤੇ ਇਹ ਕਿੰਨੀ ਦੇਰ ਦੀ ਹੁੰਦੀ ਹੈ? |


| | |
|---|---|
| | ਉੱਤਰ : ਇਹ ਅਵਸਥਾ ਗਰਭ ਦੇ ਦੂਸਰੇ ਹਫਤੇ ਤੋਂ ਸ਼ੁਰੂ ਹੋ ਕੇ ਦੂਸਰੇ ਮਹੀਨੇ ਦੇ ਅੰਤ ਤਕ ਚਲਦੀ ਹੈ। ਪਹਿਲੇ ਮਹੀਨੇ ਵਿਚ ਐਮਬਰੀਓ ਵਿਚ ਖੂਨ ਪਹੁੰਚਾਉਣ ਨਹੀਂ ਨਿੱਕੀਆਂ ਨਿੱਕੀਆਂ ਰਗਾਂ ਬਣ ਜਾਂਦੀਆਂ ਹਨ। ਇਸ ਸਮੇਂ ਪੈਦਾ ਹੋਣ ਵਾਲੇ ਬੱਚੇ ਦੇ ਸਰੀਰ ਦੇ ਵਿਕਾਸ ਵਿਚ ਬਹੁਤ ਤੇਜ਼ੀ ਨਾਲ ਹੁੰਦਾ ਹੈ। ਇਸ ਅਵਸਥਾ ਵਿੱਚ ਐਮਬਰੀਓ ਦੀ ਲੰਬਾਈ ਡੇਢ ਤੋਂ ਦੋ ਇੰਚ ਅਤੇ ਭਾਰ 2-3 ਔਸ ਹੋ ਜਾਂਦਾ ਹੈ। ਇਸ ਅਵਸਥਾ ਦੇ ਅਖੀਰ ਵਿੱਚ ਐਮਬਰੀਓ ਦੀ ਲੰਬਾਈ ਡੇਢ ਤੋਂ ਦੋ ਇੰਚ ਅਤੇ ਭਾਰ 2-3 ਔਸ ਹੋ ਜਾਂਦਾ ਹੈ। ਇਸ ਅਵਸਥਾ ਦੇ ਅਖੀਰ ਵਿੱਚ ਐਮਬਰੀਓ ਇਨਸਾਨੀ ਜੀਵ ਦੀ ਸ਼ਕਲ ਧਾਰਨ ਕਰ ਲੈਂਦਾ ਹੈ ਤੇ ਚਿਹਰੇ ਦੇ ਲਗਭਗ ਸਾਰੇ ਮਹੱਤਵਪੂਰਨ ਅੰਗ ਬਣ ਜਾਂਦੇ ਹਨ। ਅੱਖਾਂ, ਨੱਕ,ਕੰਨ, ਬੁੱਲ੍ਹ ਉਭਰੇ ਹੋਏ ਦਿਸਣ ਲੱਗ ਪੈਂਦੇ ਹਨ। ਲੱਤਾਂ ਅਤੇ ਬਾਹਵਾਂ ਦਾ ਵਿਕਾਸ ਸ਼ੁਰੂ ਹੋ ਜਾਂਦਾ ਹੈ। ਹੱਥਾਂ ਅਤੇ ਪੈਰਾਂ ਦੀਆਂ ਉਗਲਾਂ ਬਣਨ ਲੱਗ ਪੈਣੀਆਂ ਹਨ ਤੇ ਬਾਹਰਲੇ ਲਿੰਗ ਅੰਗ ਵੀ ਮਾਮੂਲੀ ਜਿਹੇ ਦਿਸਣ ਲੱਗ ਪੈਂਦੇ ਹਨ। |
| 429 | ਭਰੂਣ ਅਵਸਥਾ ਤੋਂ ਤੁਸੀਂ ਕੀ ਸਮਝਦੇ ਹੋ?<br>ਉੱਤਰ : ਗਰਭ ਦੀ ਤੀਸਰੀ ਤੇ ਸਭ ਤੋਂ ਲੰਬੀ ਅਵਸਥਾ ਭਰੂਣ ਦੀ ਹੁੰਦੀ ਹੈ। ਇਹ ਤੀਸਰੇ ਮਹੀਨੇ ਤੋਂ ਸ਼ੁਰੂ ਹੋ ਕੇ ਬੱਚੇ ਦੇ ਜਨਮ ਤੱਕ ਚੱਲਦੀ ਹੈ। ਇਸ ਅਵਸਥਾ ਵਿਚ ਨਵੇਂ ਅੰਗ ਨਹੀਂ ਬਣਦੇ ਪਰ ਐਮਬਰੀਓ ਦੀ ਅਵਸਥਾ ਵੇਲੇ ਬਣੇ ਹਏ ਅੰਗਾਂ ਦਾ ਵਿਕਾਸ ਹੁੰਦਾ ਹੈ। ਤੀਸਰੇ ਮਹੀਨੇ ਤਕ ਭਰੂਣ ਦੀ ਲੰਬਾਈ ਤਿੰਨ ਇੰਚ ਹੋ ਜਾਂਦੀ ਹੈ। ਗਰਭ ਦੀ ਇਸ ਵਿਕਾਸ ਅਵਸਥਾ ਵਿੱਚ ਪੰਜਵੇਂ ਮਹੀਨੇ ਤਕ ਅੰਦਰ ਦੇ ਸਾਰੇ ਅੰਗ ਵੱਡੇ ਮਨੁੱਖਾਂ ਵਾਂਗ ਹੀ ਬਣਨ ਲੱਗਦੇ ਹਨ ਅਤੇ ਮਾਂ ਆਪਣੇ ਸਰੀਰ ਵਿੱਚ ਬੱਚੇ ਦੀ ਹਰਕਤਾਂ ਮਹਿਸੂਸ ਕਰਨ ਲੱਗ ਪੈਂਦੀ ਹੈ। ਸੱਤਵੇਂ ਮਹੀਨੇ ਤੱਕ ਬੱਚਾ ਪੂਰੀ ਇਨਸਾਨੀ ਜੀਵ ਦੀ ਸ਼ਕਲ ਵਿੱਚ ਆ ਜਾਂਦਾ ਹੈ। ਜਨਮ ਸਮੇਂ ਬੱਚੇ ਦੀ ਲੰਬਾਈ 19-20 ਇੰਚ ਤੇ ਭਾਰ 7 ਪੌਂਡ ਦੇ ਲਗਪਗ ਹੋ ਜਾਂਦਾ ਹੈ। |
| | ਪਾਠ-10<br>(ਰੇਸ਼ਿਆਂ ਦਾ ਵਰਗੀਕਰਨ) |
| 430 | ਰੇਸ਼ਿਆਂ ਦੀ ਲੰਬਾਈ ਦੇ ਆਧਾਰ ਤੇ ਉਨ੍ਹਾਂ ਨੂੰ ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ : ਰੇਸ਼ਿਆਂ ਨੂੰ ਲੰਬਾਈ ਦੇ ਆਧਾਰ ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ: |

| | |
|---|---|
| | 1. ਛੋਟੇ ਰੇਸ਼ੇ ਜਾਂ ਸਟੇਪਲ ਰੇਸ਼ੇ: ਇਹਨਾਂ ਰੇਸ਼ਿਆਂ ਦੀ ਲੰਬਾਈ ਛੋਟੀ ਹੁੰਦੀ ਹੈ। ਇਸ ਦੀ ਲੰਬਾਈ ਇੰਚਾਂ ਜਾਂ ਸੈਂਟੀਮੀਟਰਾਂ ਵਿਚ ਮਾਪੀ ਜਾਂਦੀ ਹੈ। ਇਹ ਆਮ ਤੌਰ ਤੇ ¼ ਤੋਂ ਲੈ ਕੇ 18 ਇੰਚ ਤਕ ਲੰਮੇ ਹੁੰਦੇ ਹਨ। ਸਿਲਕ ਤੋਂ ਇਲਾਵਾ ਸਾਰੇ ਕੁਦਰਤੀ ਰੇਸ਼ੇ ਸਟੇਪਲ ਰੇਸ਼ੇ ਹਨ।<br>2. ਲੰਬੇ ਰੇਸ਼ੇ (ਫਿਲਾਮੈਂਟ) ਇਹਨਾਂ ਰੇਸ਼ਿਆਂ ਦੀ ਲੰਬਾਈ ਜ਼ਿਆਦਾ ਹੁੰਦੀ ਹੈ। ਇਸ ਨੂੰ ਮੀਟਰਾਂ ਵਿਚ ਨਾਪਿਆ ਜਾਂਦਾ ਹੈ। ਸਿਲਕ ਅਤੇ ਬਨਾਵਟੀ ਰੇਸ਼ੇ ਫਿਲਾਮੈਂਟ ਰੇਸ਼ੇ ਹੁੰਦੇ ਹਨ। |
| 431 | ਮਨੁੱਖ ਦੁਆਰਾ ਤਿਆਰ ਰੇਸ਼ਿਆਂ ਨੂੰ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ?<br>ਉੱਤਰ : ਮਨੁੱਖ ਦੁਆਰਾ ਤਿਆਰ ਕੀਤੇ ਰੇਸ਼ਿਆਂ ਨੂੰ ਮੁੱਖ ਚਾਰ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ-<br>1. ਸੈਲੂਲੋਜ਼ ਦੇ ਪੁਨਰ ਨਿਰਮਾਣ ਤੋਂ ਪ੍ਰਾਪਤ ਹੋਣ ਵਾਲੇ ਬਨਾਵਟੀ ਰੇਸ਼ੇ:- ਇਹ ਰੇਸ਼ੇ ਲੱਕੜੀ ਜਾਂ ਕਪਾਹ ਦੇ ਛੋਟੇ ਰੇਸ਼ਿਆਂ ਨੂੰ ਰਸਾਇਣਿਕ ਪਦਾਰਥਾਂ ਨਾਲ ਮਿਲਾ ਕੇ ਬਣਾਏ ਜਾਂਦੇ ਹਨ।<br>2. ਥਰਮੋਪਲਾਸਟਿਕ ਰੇਸ਼ੇ: ਗਰਮ ਹੋਣ ਨਾਲ ਇਹ ਰੇਸ਼ੇ ਸੜਨ ਦੀ ਥਾਂ ਪਿਘਲ ਜਾਂਦੇ ਹਨ। ਇਸੇ ਲਈ ਇਨ੍ਹਾਂ ਨੂੰ ਥਰਮੋਪਲਾਸਟਿਕ ਰੇਸ਼ੇ ਕਿਹਾ ਜਾਂਦਾ ਹੈ, ਜਿਵੇਂ ਕਿ- ਨਾਈਲੋਨ, ਪੌਲਿਸਟਰ ਅਤੇ ਐਸੀਟੇਟ ਆਦਿ।<br>3. ਧਾਤ ਤੋਂ ਬਣ ਰੇਸ਼ੇ- ਗੋਟੇ, ਜਰੀ ਲਈ ਵਰਤੇ ਜਾਣ ਵਾਲੇ ਰੇਸ਼ੇ ਸੋਨਾ,ਚਾਂਦੀ ਅਤੇ ਐਲੂਮੀਨੀਅਮ ਦੀਆਂ ਧਾਤਾਂ ਤੋਂ ਬਣਦੇ ਹਨ।<br>4. ਸ਼ੀਸ਼ੇ ਤੋਂ ਪ੍ਰਾਪਤ ਰੇਸ਼ੇ-ਸ਼ੀਸ਼ੇ ਨੂੰ ਪਿਘਲਾ ਕੇ ਇਹ ਰੇਸ਼ੇ ਤਿਆਰ ਕੀਤੇ ਜਾਂਦੇ ਹਨ। |
| 432 | ਮੂਲ ਗੁਣਾਂ ਤੋਂ ਇਲਾਵਾ ਰੇਸ਼ਿਆਂ ਵਿੱਚ ਕਿਹੜੇ ਕਿਹੜੇ ਹੋਰ ਗੁਣ ਹੋ ਸਕਦੇ ਹਨ?<br>ਉੱਤਰ : ਰੇਸ਼ਿਆਂ ਵਿੱਚ ਉਨ੍ਹਾਂ ਦੇ ਮੂਲ ਗੁਣਾਂ ਤੋਂ ਇਲਾਵਾ ਹੇਠ ਲਿਖੇ ਗੁਣ ਹੋ ਸਕਦੇ ਹਨ:<br>1. ਦਿੱਖ (Lusture)<br>2. ਪਾਣੀ ਸੋਖਣ ਦੀ ਸਮੱਰਥਾ (Water absorption)<br>3. ਚਿਪਕਣਾ (Felting) |

| | |
|---|---|
| | 4. ਅੱਗ ਫੜਨ ਦੀ ਸਮੱਰਥਾ (Flammability)<br>5. ਸੰਘਣਾਪਨ (Density)<br>6. ਤਾਪ ਪ੍ਰਤੀਰੋਧਤਾ (Resistance to heat)<br>7. ਤੇਜ਼ਾਬ ਅਤੇ ਖਾਰਾਪਨ ਸਹਿਣ ਦੀ ਸ਼ਕਤੀ (Resistance to acid and alkalies)<br>8. ਵੱਟ ਨਾ ਪੈਣ (Resilience)<br>9. ਵਲਦਾਰ ਹੋਣਾ (Crimp) |
| 433 | ਸੂਤੀ ਰੇਸ਼ੇ ਨੂੰ ਰੇਸ਼ਿਆਂ ਦਾ ਸਿਰਤਾਜ ਕਿਉਂ ਕਿਹਾ ਜਾਂਦਾ ਹੈ?<br>ਉੱਤਰ : ਸੂਤੀ ਰੇਸ਼ੇ ਨੂੰ ਰੇਸ਼ਿਆਂ ਦਾ ਸਿਰਤਾਜ ਕਿਹਾ ਜਾਂਦਾ ਹੈ ਕਿਉਂਕਿ ਇਸ ਰੇਸ਼ੇ ਵਿਚ ਬਹੁਤ ਗੁਣ ਹੁੰਦੇ ਹਨ ਜਿਵੇਂ ਕੁਦਰਤੀ ਚਮਕ ਦਾ ਹੋਣਾ, ਮਜ਼ਬੂਤ ਰੇਸ਼ਾ ਅਤੇ ਤਾਪ ਦਾ ਸੰਚਾਲਕ ਹੋਣ ਦੇ ਨਾਲ-ਨਾਲ ਇਸ ਵਿਚ ਪਾਣੀ ਸੋਖਣ ਦੀ ਸਮੱਰਥਾ ਵੀ ਹੁੰਦੀ ਹੈ। ਇਸੇ ਕਰਕੇ ਹੀ ਇਹ ਕੱਪੜੇ ਗਰਮੀਆਂ ਅਤੇ ਸਰਦੀਆਂ ਵਿਚ ਠੀਕ ਰਹਿੰਦੇ ਹਨ। ਇਸ ਰੇਸ਼ੇ ਦੇ ਕੱਪੜੇ ਚਮੜੀ ਲਈ ਸੁਖਦਾਇਕ ਹੁੰਦੇ ਹਨ। ਇਸ ਨੂੰ ਉਬਾਲਿਆ ਵੀ ਜਾ ਸਕਦਾ ਹੈ, ਇਸੇ ਕਰਕੇ ਹੀ ਹਸਪਤਾਲ ਵਿੱਚ ਪੱਟੀਆਂ ਬਣਾਉਣ ਲਈ ਵਰਤਿਆ ਜਾਂਦਾ ਹੈ।<br>ਸੂਤੀ ਰੇਸ਼ਾ ਇਨ੍ਹਾਂ ਗੁਣਾਂ ਕਰਕੇ ਹੀ ਰੇਸ਼ਿਆਂ ਦਾ ਸਿਰਤਾਜ ਮੰਨਿਆ ਜਾਂਦਾ ਹੈ। |
| 434 | ਕਿਹੜੇ ਗੁਣਾਂ ਕਰਕੇ ਸੂਤੀ ਕੱਪੜਿਆਂ ਨੂੰ ਗਰਮੀਆਂ ਵਿੱਚ ਪਹਿਨਿਆ ਜਾਂਦਾ ਹੈ?<br>ਉੱਤਰ : ਸੂਤੀ ਕੱਪੜੇ ਤਾਪ ਦੇ ਸੰਚਾਲਕ ਅਤੇ ਪਾਣੀ ਸੋਖਣ ਦੀ ਸਮੱਰਥਾ ਰੱਖਦੇ ਹਨ। ਜਿਸ ਨਾਲ ਇਹ ਸਰੀਰ ਦਾ ਪਸੀਨਾ ਸੋਖ ਲੈਂਦੇ ਹਨ। ਇਸੇ ਕਰਕੇ ਹੀ ਇਹਨਾਂ ਨੂੰ ਗਰਮੀਆਂ ਵਿਚ ਪਹਿਨਿਆ ਜਾਂਦਾ ਹੈ। ਇਸ ਤੋਂ ਇਲਾਵਾ ਤਾਪ ਦੇ ਸੰਚਾਲਕ ਹੋਣ ਕਰਕੇ ਤਾਪ ਇਨ੍ਹਾਂ ਵਿਚੋਂ ਲੰਘ ਜਾਂਦਾ ਹੈ, ਜੋ ਪਸੀਨਾ ਸੁੱਕਣ ਵਿਚ ਮਦਦ ਕਰਦੇ ਹਨ। ਇਹਨਾਂ ਦੋਹਾਂ ਗੁਣਾਂ ਕਰਕੇ ਇਹ ਰੇਸ਼ੇ ਠੰਢੇ ਹੁੰਦੇ ਹਨ ਅਤੇ ਗਰਮੀਆਂ ਵਿਚ ਸਭ ਤੋਂ ਸੁਖਾਵੇ ਰਹਿੰਦੇ ਹਨ। ਇਸ ਤੋਂ ਇਲਾਵਾ ਹਲਕੇ ਖਾਰ ਅਤੇ ਤੇਜ਼ਾਬ ਦਾ ਇਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ ਜਿਸ ਕਰਕੇ ਪਸੀਨੇ ਨਾਲ ਖਰਾਬ ਨਹੀਂ ਹੁੰਦੇ। |
| 435 | ਲਿਨਨ ਦੇ ਕੱਪੜੇ ਦੀਆਂ ਵਿਸ਼ੇਸ਼ਤਾਵਾਂ ਦੱਸੋ?<br>ਉੱਤਰ : ਸੂਤੀ ਕੱਪੜੇ ਦੀ ਤਰ੍ਹਾਂ ਲਿਨਨ ਨੂੰ ਜਲਾਉਣ ਸਮੇਂ ਕਾਗਜ਼ ਦੇ ਸੜਨ ਵਰਗੀ ਗੰਧ ਹੁੰਦੀ ਹੈ ਅਤੇ ਅੱਗ ਤੋਂ ਬਾਹਰ ਕੱਢਣ ਤੇ ਆਪਣੇ ਆਪ ਥੋੜੀ ਦੇਰ ਜਲਦਾ ਰਹਿੰਦਾ ਹੈ। ਜਲਣ ਤੋਂ |

| | |
|---|---|
| | ਬਾਅਦ ਸਲੇਟੀ ਰੰਗ ਦੀ ਸੁਆਹ ਬਣ ਜਾਂਦੀ ਹੈ। ਲਿਨਨ ਨੂੰ ਦਰਮਿਆਨੀ ਤੋਂ ਤੇਜ਼ ਪ੍ਰੈੱਸ ਨਾਲ ਪ੍ਰੈੱਸ ਕੀਤਾ ਜਾ ਸਕਦਾ ਹੈ। ਇਸ ਦੇ ਰੇਸ਼ੇ ਮਜ਼ਬੂਤ ਅਤੇ ਹੰਢਣਸਾਰ ਹੁੰਦੇ ਹਨ। ਇਸ ਲਈ ਬਿਸਤਰਿਆਂ ਦੀਆਂ ਚਾਦਰਾਂ ਆਦਿ ਬਣਾਈਆਂ ਜਾਂਦੀਆਂ ਹਨ। ਲਿਨਨ ਉੱਤੇ ਖਾਰ ਦਾ ਅਸਰ ਘੱਟ ਹੁੰਦਾ ਹੈ ਇਸ ਰੇਸ਼ੇ ਵਿੱਚ ਕੁਦਰਤੀ ਚਮਕ ਹੁੰਦੀ ਹੈ। |
| 436 | ਮਿਲਕ ਅਤੇ ਉੱਨ ਦੋਨੋਂ ਹੀ ਤਾਪ ਦੇ ਕੁਚਾਲਕ ਹਨ ਪਰ ਫਿਰ ਉੱਨ ਜ਼ਿਆਦਾ ਨਿੱਘੀ ਕਿਉ ਹੈ?<br>ਉੱਤਰ : ਉੱਨ ਅਤੇ ਸਿਲਕ ਦੋਵੇਂ ਹੀ ਕੁਦਰਤੀ ਰੇਸ਼ੇ ਹਨ ਅਤੇ ਜਾਨਵਰਾਂ ਤੋਂ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਦੋਵੇਂ ਹੀ ਪਾਤ ਦੇ ਕੁਚਾਲਕ ਹਨ ਅਤੇ ਦੋਹਾਂ ਦੀ ਵਰਤੋਂ ਸਰਦੀਆਂ ਵਿੱਚ ਕੀਤੀ ਜਾਂਦੀ ਹੈ ਪਰ ਫਿਰ ਵੀ ਸਿਲਕ ਨਾਲੋਂ ਉੱਨ ਜ਼ਿਆਦਾ ਨਿੱਘੀ ਹੈ ਕਿਉਂਕਿ ਸਿਲਕ ਦਾ ਕੱਪੜਾ ਪਤਲਾ ਅਤੇ ਉੱਪਰਲੀ ਸਤ੍ਹਾ ਮੁਲਾਇਮ ਹੋਣ ਕਰਕੇ ਬਾਹਰ ਵਾਲੀ ਠੰਢ ਨਾਲ ਠਰ ਜਾਂਦਾ ਹੈ। ਪਰ ਉੱਨ ਦਾ ਕੱਪੜਾ ਮੋਟਾ ਅਤੇ ਖੁਰਦਰਾ ਹੋਣ ਕਰਕੇ ਠਰਦਾ ਨਹੀਂ ਅਤੇ ਸਰੀਰ ਦੀ ਗਰਮੀ ਬਾਹਰ ਨਹੀਂ ਆਉਣ ਦਿੰਦਾ। ਇਸ ਕਰਕੇ ਉੱਨ ਸਿਲਕ ਨਾਲੋਂ ਵਧੇਰੇ ਨਿੱਘੀ ਹੁੰਦੀ ਹੈ। |
| 437 | ਸਿਲਕ ਦੀ ਵਰਤੋਂ ਅਤੇ ਦੇਖਭਾਲ ਬਾਰੇ ਦੱਸੋ?<br>ਉੱਤਰ : ਵਰਤੋਂ: ਸਿਲਕ ਦੇ ਰੇਸ਼ਿਆਂ ਤੋਂ ਬਣੇ ਵਸਤਰਾਂ ਦੀ ਵਰਤੋਂ ਉਤਸਵਾਂ, ਸ਼ਾਦੀਆਂ ਦੇ ਮੌਕੇ ਜਾਂ ਖਾਸ ਮੌਕਿਆਂ ਤੇ ਪਹਿਣਨ ਲਈ ਹੁੰਦੀ ਹੈ। ਸਿਲਕ ਤੋਂ ਘਰ ਦੇ ਸਾਜੋ-ਸਮਾਨ ਜਿਵੇਂ, ਗਲੀਚੇ, ਕੁਸ਼ਨ, ਪਰਦੇ ਆਦਿ ਹੋਰ ਸਜਾਵਟੀ ਸਮਾਨ ਵੀ ਬਣਾਇਆ ਜਾਂਦਾ ਹੈ। ਸਿਲਕ ਮਹਿੰਗਾ ਹੈ ਇਸ ਲਈ ਇਸ ਦੀ ਵਰਤੋਂ ਅਮੀਰ ਲੋਕ ਵਧੇਰੇ ਕਰਦੇ ਹਨ।<br>ਦੇਖਭਾਲ: ਰੇਸ਼ਮ ਦਾ ਰੇਸ਼ਾ ਬਹੁਤ ਨਾਜ਼ੁਕ ਹੁੰਦਾ ਹੈ ਅਤੇ ਗਿੱਲਾ ਹੋ ਕੇ ਹੋਰ ਵੀ ਨਾਜ਼ੁਕ ਹੋ ਜਾਂਦਾ ਹੈ। ਇਨ੍ਹਾਂ ਨੂੰ ਧੋਣ ਲਈ ਰਗੜਨਾ ਨਹੀਂ ਚਾਹੀਦਾ ਸਗੋਂ ਪੋਲੇ ਪੋਲੇ ਦਬਾ ਕੇ ਧੋਣਾ ਚਾਹੀਦਾ ਹੈ। ਇਨ੍ਹਾਂ ਰੇਸ਼ਿਆਂ ਨੂੰ ਗਰਮ ਪਾਣੀ ਵਿੱਚ ਵੀ ਨਹੀਂ ਪਾਉਣਾ ਚਾਹੀਦਾ ਅਤੇ ਸਿਲਕ ਦੇ ਕੱਪੜਿਆਂ ਨੂੰ ਡਰਾਈਕਲੀਨ ਕਰਵਾਉਣਾ ਚਾਹੀਦਾ ਹੈ। ਪ੍ਰੈੱਸ ਕਰਨ ਲੱਗਿਆਂ ਇਨ੍ਹਾਂ ਤੇ ਪਾਣੀ ਨਹੀਂ ਛਿੜਕਣਾ ਚਾਹੀਦਾ। ਪਸੀਨੇ ਨਾਲ ਵੀ ਸਿਲਕ ਦੇ ਰੇਸ਼ੇ ਕਮਜ਼ੋਰ ਹੋ ਜਾਂਦੇ ਹਨ। |
| 438 | ਰੇਸ਼ਿਆਂ ਦਾ ਚਾਰਟ ਬਣਾ ਕੇ ਵਰਗੀਕਰਣ ਕਰੋ।<br>ਉੱਤਰ :<br>ਰੇਸ਼ੇ ਜਾਂ ਤੰਤੂ (Fibre) |

↓



ਕੁਦਰਤੀ (Natural)
ਮਨੁੱਖ ਦੁਆਰਾ ਬਣਾਏ (Man Made)
ਪੌਦਿਆਂ ਤੋਂ
ਜਾਨਵਰਾਂ ਤੋਂ
ਖਣਿਜ ਪਦਾਰਥਾਂ ਤੋਂ
ਥਰਮੋਪਲਾਸਟਿਕ ਰੇਸ਼ੇ
ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ
ਸ਼ੀਸ਼ੇ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ
ਸੂਤੀ, ਲਿਨਨ, ਕਪੋਕ, ਨਾਰੀਅਲ, ਦੇ ਰੇਸ਼ੇ ਰੈਮੀ ਪਟਸਨ ਆਦਿ
ਊੱਨ, ਫਰ, ਸਿਲਕ।
ਐਸਬੈਸਟਾਸ
ਨਾਈਲੋਨ, ਪਲੀਏਸਟਰ, ਐਰੀਲੋਨ, ਆਦਿ।
ਜਰੀ, ਗੋਟਾ, ਸੋਨਾ, ਚਾਂਦੀ ਅਤੇ ਐਲੂਮੀਨੀਅਮ ਧਾਤਾਂ ਤੋਂ।
ਫਾਈਬਰ ਗਲਾਸ (Fibre glsss)

ਲੜੀ ਨੰ: 154... ਪੰਜਾਬ ਸਕੂਲ ਸਿੱਖਿਆ ਬੋਰਡ

ਸੋਧ ਪੱਤਰੀ

ਸੰਤ ਸੁਖਾ ਸਿੰਘ ਸ.ਹਰੀ ਸਿੰਘ ਅਲੀਸ਼ਾਰ ਸੈਕੰਡਰੀ ਸਕੂਲ, ਕੋਟਪਕ(332302)

...12...ਪ੍ਰੀਖਿਆ ਸਲਾਨਾ/ਅਨੁਪੂਰਕ...ਮਾਰਚ 2022...ਸਕੂਲ/ਜ਼ਿਲ੍ਹਾ...

ਦੇ ਨਤੀਜਾ ਗਜ਼ਟ ਵਿੱਚ ਛਪੇ ਵੇਰਵਿਆਂ ਦੀ ਹੇਠ ਲਿਖੇ ਅਨੁਸਾਰ ਸੋਧ ਦੇ ਆਦੇਸ਼...Sup...2......ਤੋਂ ਡਾਇਰੀ ਨੰ:E.126143

ਮਿਤੀ 5/9/22 ਰਾਹੀਂ ਪ੍ਰਾਪਤ ਕਰ ਲਏ ਹਨ। ਸਬੰਧਤ ਰਿਕਾਰਡ ਵਿੱਚ ਸੋਧ ਕਰ ਲਈ ਜਾਵੇ ਜੀ।

| ਲੜੀ ਨੰ: | ਰੋਲ ਨੰਬਰ | ਗਲਤੀ ਦੀ ਕਿਸਮ | ਛਪੇ ਵੇਰਵੇ | ਸੋਧ ਉਪਰੰਤ ਵੇਰਵੇ |
|---|---|---|---|---|
| 1 | 2022227857 | F/N | MANJIT | MANJEET |
| | | | Singh | Singh |
| | | | | |
| | | | | |

[illegible]
ਸੈਟ ਇੰਚਾਰਜ ਦੇ ਪੂਰੇ ਹਸਤਾਖਰ

ਮਿਤੀ 9/9/22

[illegible]
ਸਹਾਇਕ ਦੇ ਪੂਰੇ ਹਸਤਾਖਰ

ਮਿਤੀ 12/9/22

ਸੈਕਸ਼ਨ [illegible] 8

ਸੁਪਰਡੰਟ (ਪ੍ਰੀ.........)

ਸਹਾਇਕ-ਸਕੱਤਰ (ਪ੍ਰੀ..........)

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸੁਪਰਡੰਟ ਲੇਟਰ ਸੈਟ ਪ੍ਰੀ.........................
2. ਸਹਾਇਕ-ਸਕੱਤਰ (ਦੁਪਰਤੀ ਸ਼ਾਖਾ)
3. ਸਬੰਧਤ ਪ੍ਰੀਖਿਆਰਥੀ/ਸਕੂਲ
4. ਸੁਪਰਡੰਟ ਕੰਪਿਊਟਰ ਸੈਲ